ਸ਼ਹੀਦੀ ਸ਼ਤਾਬਦੀ ਪੁਸਤਕ ਪ੍ਰਕਾਸ਼ਨਾ ਲੜੀ-1

# ਤੇਗ ਬਹਾਦਰ ਧਰਮ ਧੁਜ

**ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਪ੍ਰਚਾਰ ਯਾਤਰਾਵਾਂ, ਬਾਣੀ ਅਤੇ ਵਿਚਾਰਧਾਰਾ ਨਾਲ ਸੰਬੰਧਿਤ 350 ਸਵਾਲ-ਜਵਾਬ**

**ਡਾ. ਸੰਦੀਪ ਸਿੰਘ**

**ਪਬਲੀਕੇਸ਼ਨ ਅਤੇ ਖੋਜ ਵਿਭਾਗ,**
**ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ,**
**ਕੁਰੂਕਸ਼ੇਤਰ**

*ਸ਼ਹੀਦੀ ਸ਼ਤਾਬਦੀ ਪੁਸਤਕ ਪ੍ਰਕਾਸ਼ਨਾ ਲੜੀ–1*

# ਤੇਗ ਬਹਾਦਰ ਧਰਮ ਧੁਜ

**(ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਪ੍ਰਚਾਰ ਯਾਤਰਾਵਾਂ, ਬਾਣੀ ਅਤੇ ਵਿਚਾਰਧਾਰਾ ਨਾਲ ਸੰਬੰਧਿਤ 350 ਸਵਾਲ–ਜਵਾਬ)**

**ਡਾ. ਸੰਦੀਪ ਸਿੰਘ**

**ਪਬਲੀਕੇਸ਼ਨ ਅਤੇ ਖੋਜ ਵਿਭਾਗ,**
**ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ,**
**ਕੁਰੂਕਸ਼ੇਤਰ**

©
**Haryana Sikh Gurdwara Management Committee,**
**Kurukshetra**

**Teg Bahadar Dharam Dhuj**
**(Punjabi)**

**Writer:**
**Dr. Sandeep Singh**
**In-charge**
**Department of Publication & Research,**
**Haryana Sikh Gurdwara Management Committee,**
**Kurukshetra**

**Typing Work**
**Satnam Singh**

**ISBN 978-81-983083-5-1**

**First edition October 2025**

**Printer : Tejas Printer, Patiala**

**Published by Department of Publication & Research,**
**Haryana Sikh Gurdwara Management Committee,**
**Kurukshetra**

# ਮੁੱਖ ਬੰਧ

ਸੰਸਾਰ ਦੇ ਧਾਰਮਿਕ ਰਹਿਬਰਾਂ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਇਕ ਵਿਸ਼ੇਸ਼ ਸਥਾਨ ਹੈ ਜਿਨ੍ਹਾਂ ਨੇ ਆਪਣੇ ਨਿਜ ਤੋਂ ਉਪਰ ਉੱਠ ਕੇ ਧਰਮ ਅਤੇ ਮਾਨਵਤਾ ਦੇ ਉਪਕਾਰ ਲਈ ਆਪਣੀ ਸ਼ਹਾਦਤ ਦਿੱਤੀ। ਤਿਆਗ ਅਤੇ ਬੈਰਾਗ ਦੀ ਮੂਰਤਿ ਗੁਰੂ ਸਾਹਿਬ ਜੀ ਦਾ ਜੀਵਨ ਅਤੇ ਬਾਣੀ ਸਦੀਵ ਸਮੇਂ ਲਈ ਮਨੁੱਖਤਾ ਦੇ ਚਾਨਣ ਮੁਨਾਰੇ ਵਜੋਂ ਕਾਰਜ ਕਰ ਰਹੇ ਹਨ। ਇਸ ਸਾਲ 2025 ਵਿਚ ਸਮੁੱਚਾ ਜਗਤ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਉਨ੍ਹਾਂ ਦੇ ਮਹਾਨ ਗੁਰਸਿੱਖਾਂ- ਭਾਈ ਦਿਆਲਾ ਜੀ, ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਜੀ ਦਾ 350 ਸਾਲਾ ਸ਼ਹੀਦੀ ਦਿਹਾੜਾ ਮਨਾ ਰਿਹਾ ਹੈ। ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਗੁਰੂ ਪਾਤਸ਼ਾਹ ਦੇ ਜੀਵਨ ਅਤੇ ਸਿੱਖਿਆਵਾਂ ਦੇ ਪ੍ਰਚਾਰ-ਪ੍ਰਸਾਰ ਲਈ ਨਿਰੰਤਰ ਯਤਨਸ਼ੀਲ ਹੈ। ਇਹ ਖੁਸ਼ੀ ਵਾਲੀ ਗੱਲ ਹੈ ਕਿ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ 'ਪਬਲੀਕੇਸ਼ਨ ਅਤੇ ਖੋਜ ਵਿਭਾਗ' ਵਲੋਂ ਇਸ ਉਦੇਸ਼ ਦੀ ਪੂਰਤੀ ਹਿਤ 'ਸ਼ਹੀਦੀ ਸ਼ਤਾਬਦੀ ਪੁਸਤਕ ਪ੍ਰਕਾਸ਼ਨਾ ਲੜੀ' ਆਰੰਭ ਕੀਤੀ ਗਈ ਹੈ। ਹੱਥਲੀ ਪੁਸਤਕ ਇਸ ਲੜੀ ਦੀ ਪਹਿਲੀ ਪੁਸਤਕ ਹੈ। ਪੁਸਤਕ ਨੂੰ ਖੋਜ ਭਰਪੂਰ ਢੰਗ ਨਾਲ ਤਿਆਰ ਕਰਨ ਲਈ ਪੁਸਤਕ ਦੇ ਲਿਖਾਰੀ ਡਾ. ਸੰਦੀਪ ਸਿੰਘ ਵਧਾਈ ਦੇ ਪਾਤਰ ਹਨ। ਉਮੀਦ ਹੈ ਕਿ ਸੰਗਤ ਇਸ ਪੁਸਤਕ ਤੋਂ ਲਾਭ ਪ੍ਰਾਪਤ ਕਰੇਗੀ। ਗੁਰੂ ਸਾਹਿਬ ਦੇ ਚਰਨਾਂ ਵਿਚ ਅਰਦਾਸ ਹੈ ਕਿ ਉਹ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਨੂੰ ਨਿਰੰਤਰ ਸੇਵਾਵਾਂ ਕਰਨ ਦਾ ਉੱਦਮ ਬਖਸ਼ਦੇ ਰਹਿਣ-

ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ ਸਭ ਥਾਈ ਹੋਇ ਸਹਾਇ ॥

**ਜਥੇਦਾਰ ਜਗਦੀਸ਼ ਸਿੰਘ ਝੀਂਡਾ**

**ਪ੍ਰਧਾਨ,**

**ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ,**

**ਕੁਰੂਕਸ਼ੇਤਰ।**

# ਸੰਦੇਸ਼

ਪ੍ਰਗਟ ਭਏ ਗੁਰ ਤੇਗ ਬਹਾਦੁਰ। ਸਗਲ ਸ੍ਰਿਸਟਿ ਪੈ ਢਾਪੀ ਚਾਦਰ।
ਕਰਮ ਧਰਮ ਕੀ ਜਿਨਿ ਪਤਿ ਰਾਖੀ। ਅਟਲ ਕਰੀ ਕਲਜੁਗ ਮੈ ਸਾਖੀ।

ਧਾਰਮਿਕ ਅਧਿਕਾਰਾਂ ਦੇ ਰਾਖੇ, ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜੀਵਨ ਅਤੇ ਸ਼ਹਾਦਤ ਵਿਸ਼ਵ ਇਤਿਹਾਸ ਦਾ ਇਕ ਬੇਮਿਸਾਲ ਵਰਤਾਰਾ ਹੈ। ਉਨ੍ਹਾਂ ਦੀ ਲਾਸਾਨੀ ਸ਼ਹਾਦਤ ਨੇ ਨਾ ਸਿਰਫ਼ ਧਰਮ ਦੀ ਨੀਂਹ ਨੂੰ ਮਜ਼ਬੂਤ ਕੀਤਾ, ਸਗੋਂ ਸਮੁੱਚੇ ਵਿਸ਼ਵ ਨੂੰ ਹੱਕ, ਸੱਚ ਅਤੇ ਨਿਆਂ ਲਈ ਲੜਨ ਦਾ ਜਜ਼ਬਾ ਪ੍ਰਦਾਨ ਕੀਤਾ। ਉਨ੍ਹਾਂ ਨੇ ਔਰੰਗਜ਼ੇਬ ਦੇ ਜ਼ੁਲਮਾਂ ਤੋਂ ਡਰ ਅਧੀਨ ਜੀਵਨ ਬਤੀਤ ਕਰ ਰਹੀ ਲੋਕਾਈ ਨੂੰ ਨਾ ਸਿਰਫ਼ ਨਿਡਰਤਾ ਦਾ ਪਾਠ ਪੜ੍ਹਾਇਆ ਸਗੋਂ ਆਪਣੀ ਸ਼ਹਾਦਤ ਰਾਹੀਂ ਇਸ ਜ਼ੁਲਮੀ ਵਰਤਾਰੇ ਨੂੰ ਠੱਲ੍ਹ ਪਾਈ। ਅਜਿਹੇ ਮਹਾਨ ਪਰਉਪਕਾਰੀ ਗੁਰੂ ਪਾਤਸ਼ਾਹ ਅਤੇ ਉਨ੍ਹਾਂ ਦੇ ਤਿੰਨ ਮਹਾਨ ਗੁਰਸਿੱਖਾਂ- ਭਾਈ ਦਿਆਲਾ ਜੀ, ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਦੇ ਅਵਸਰ ’ਤੇ ਹਰਿਆਣਾ ਕਮੇਟੀ ਦੇ ‘ਪਬਲੀਕੇਸ਼ਨ ਅਤੇ ਖੋਜ ਵਿਭਾਗ’ ਵੱਲੋਂ ਪੁਸਤਕ ਪ੍ਰਕਾਸ਼ਿਤ ਕੀਤੇ ਜਾਣਾ ਸਲਾਘਾਯੋਗ ਉਪਰਾਲਾ ਹੈ। ਇਸ ਪੁਸਤਕ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਯਾਤਰਾਵਾਂ, ਸ਼ਹਾਦਤ ਅਤੇ ਬਾਣੀ ਨਾਲ ਸੰਬੰਧਿਤ 350 ਸਵਾਲ-ਜਵਾਬ ਸ਼ਾਮਿਲ ਕੀਤੇ ਗਏ ਹਨ। ਮੈਂ ਇਸ ਕਾਰਜ ਲਈ ਡਾ. ਸੰਦੀਪ ਸਿੰਘ ਅਤੇ ਸਮੁੱਚੀ ਟੀਮ ਨੂੰ ਮੁਬਾਰਕ ਦਿੰਦਾ ਹੋਇਆ ਗੁਰੂ ਸਾਹਿਬ ਅੱਗੇ ਅਰਦਾਸ ਕਰਦਾਂ ਹਾਂ ਕਿ ਉਹ ਸਾਨੂੰ ਸਭਨਾਂ ਨੂੰ ਗੁਰਸਿੱਖੀ ਮਾਰਗ ਉੱਪਰ ਚਲਣ ਦਾ ਬਲ ਬਖਸ਼ਣ।

**ਸ. ਜਸਵਿੰਦਰ ਸਿੰਘ ਦੀਨਪੁਰ**
**ਮੁੱਖ ਸਕੱਤਰ,**
**ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ,**
**ਕੁਰੂਕਸ਼ੇਤਰ।**

# ਭੂਮਿਕਾ

ਸਿੱਖ ਧਰਮ ਦੇ ਨੌਂਵੇਂ ਪਾਤਸ਼ਾਹ, ਸ੍ਰੀ ਗੁਰੂ ਤੇਗ ਬਹਾਦਰ ਜੀ ਧਰਮ ਰੱਖਿਅਕ ਮਸੀਹਾ ਵਜੋਂ ਜਾਣੇ ਜਾਂਦੇ ਹਨ ਜਿਨ੍ਹਾਂ ਨੇ ਧਾਰਮਿਕ ਆਜ਼ਾਦੀ ਅਤੇ ਮਾਨਵੀ ਅਧਿਕਾਰਾਂ ਦੀ ਰਾਖੀ ਲਈ ਆਪਣੀ ਲਾਸਾਨੀ ਸ਼ਹਾਦਤ ਦਿੱਤੀ। ਸ੍ਰੀ ਗੁਰੂ ਤੇਗ ਬਹਾਦਰ ਜੀ 'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ' ਦੀ ਸਾਕਾਰ ਮੂਰਤਿ ਸਨ ਜਿਨ੍ਹਾਂ ਨੇ ਲੋਕਾਈ ਨੂੰ ਨਿਡਰਤਾ ਦਾ ਸੰਦੇਸ਼ ਪ੍ਰਦਾਨ ਕੀਤਾ। ਹਿੰਦੂ ਧਰਮ ਵਿਚ ਉਨ੍ਹਾਂ ਨੂੰ 'ਹਿੰਦ ਦੀ ਚਾਦਰ' ਕਹਿ ਕੇ ਸਤਿਕਾਰ ਪ੍ਰਦਾਨ ਕੀਤਾ ਜਾਂਦਾ ਹੈ ਕਿਉਂਕਿ ਗੁਰੂ ਸਾਹਿਬ ਨੇ ਕਸ਼ਮੀਰੀ ਪੰਡਿਤਾਂ ਦੀ ਫਰਿਆਦ ਸੁਣ ਕੇ ਔਰੰਗਜ਼ੇਬ ਦੁਆਰਾ ਹਿੰਦੂਆਂ ਉੱਪਰ ਕੀਤੇ ਜਾ ਰਹੇ ਜ਼ੁਲਮਾਂ ਨੂੰ ਆਪਣੀ ਸ਼ਾਂਤਮਈ ਸ਼ਹੀਦੀ ਰਾਹੀ ਠੱਲ ਪਾਈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਇਤਿਹਾਸ ਦਾ ਇੱਕ ਅਨੋਖਾ ਵਰਤਾਰਾ ਹੈ ਜਿਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਕੀਨੋ ਬਡੋ ਕਲੂ ਮਹਿ ਸਾਕਾ' ਕਹਿ ਕੇ ਸਤਿਕਾਰ ਪ੍ਰਦਾਨ ਕੀਤਾ ਹੈ। ਇਹ ਸ਼ਹਾਦਤ ਆਪਣੇ ਨਿਜ ਤੋਂ ਉਪਰ ਉੱਠ ਕੇ ਦਰ 'ਤੇ ਆਏ ਮਜ਼ਲੂਮਾਂ ਦੇ ਧਰਮ ਦੀ ਰੱਖਿਆ ਲਈ ਦਿੱਤੀ ਗਈ ਬੇਮਿਸਾਲ ਸ਼ਹਾਦਤ ਹੈ। 'ਗੁਰ ਸੋਭਾ' ਨਾਮਕ ਸ੍ਰੋਤ ਗ੍ਰੰਥ ਵਿਚ ਕਵੀ ਸੈਨਾਪਤਿ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸਮੁੱਚੀ ਸ੍ਰਿਸ਼ਟੀ ਦੀ ਚਾਦਰ ਕਹਿ ਕੇ ਸੰਬੋਧਨ ਕੀਤਾ ਹੈ ਜਿਨ੍ਹਾਂ ਦੀ ਸ਼ਹਾਦਤ ਨੇ ਸਮੁੱਚੀ ਸ੍ਰਿਸ਼ਟੀ ਦੀ ਲਾਜ-ਪੱਤ ਨੂੰ ਕਾਇਮ ਰੱਖਿਆ-

ਪ੍ਰਗਟ ਭਏ ਗੁਰ ਤੇਗ ਬਹਾਦਰ। ਸਗਲ ਸ੍ਰਿਸਟ ਪੈ ਢਾਪੀ ਚਾਦਰ।

ਸਾਲ 2025 ਵਿਚ ਸਮੁੱਚਾ ਜਗਤ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਉਨ੍ਹਾਂ ਨਾਲ ਸ਼ਹੀਦ ਹੋਣ ਵਾਲੇ ਭਾਈ ਦਿਆਲਾ ਜੀ, ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਜੀ ਦਾ 350 ਸਾਲਾ ਸ਼ਹੀਦੀ ਦਿਹਾੜਾ ਮਨਾਉਂਦੇ ਹੋਏ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰ ਰਿਹਾ ਹੈ। ਮੱਘਰ ਸੁਦੀ 5 (25 ਨਵੰਬਰ, 2025) ਵਾਲੇ ਦਿਨ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਇਨ੍ਹਾਂ ਮਹਾਨ ਗੁਰਸਿੱਖਾਂ ਦੀ ਸ਼ਹਾਦਤ ਦੇ 350 ਸਾਲ ਪੂਰੇ ਹੋ ਰਹੇ ਹਨ। 1975 ਈ. ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 300 ਸਾਲਾ ਸ਼ਹੀਦੀ ਦਿਹਾੜੇ

ਅਤੇ 2021 ਈਸਵੀ ਵਿਚ 400 ਸਾਲਾ ਪ੍ਰਕਾਸ਼ ਪੁਰਬ ਤੋਂ ਬਾਅਦ ਇਹ ਇੱਕ ਅਜਿਹਾ ਇਤਿਹਾਸਿਕ ਅਵਸਰ ਹੈ ਜਦੋਂ ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਵੱਡੇ ਪੱਧਰ 'ਤੇ ਆਪਣੇ ਮਨ-ਮਸਤਕ ਦਾ ਹਿੱਸਾ ਬਣਾ ਕੇ ਨਤਮਸਤਕ ਹੋ ਰਹੀ ਹੈ।

ਹਰਿਆਣਾ ਪ੍ਰਦੇਸ਼ ਦੀ ਸਿਰਮੌਰ ਪੰਥਕ ਸੰਸਥਾ, ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਵੱਲੋਂ ਇਸ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਅਨੇਕਾਂ ਪ੍ਰੋਗਰਾਮ ਉਲੀਕੇ ਗਏ ਹਨ। ਹਰਿਆਣਾ ਕਮੇਟੀ ਦੇ 'ਪਬਲੀਕੇਸ਼ਨ ਅਤੇ ਖੋਜ ਵਿਭਾਗ' ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ 'ਸ਼ਹੀਦੀ ਸ਼ਤਾਬਦੀ ਪੁਸਤਕ ਪ੍ਰਕਾਸ਼ਨਾ ਲੜੀ' ਆਰੰਭ ਕੀਤੀ ਗਈ ਹੈ ਜਿਸ ਅਧੀਨ ਗੁਰੂ ਸਾਹਿਬ ਜੀ ਦੇ ਜੀਵਨ, ਯਾਤਰਾਵਾਂ, ਬਾਣੀ ਅਤੇ ਵਿਚਾਰਧਾਰਾ ਨਾਲ ਸੰਬੰਧਿਤ ਵੱਖ-ਵੱਖ ਇਤਿਹਾਸਕ ਅਤੇ ਦਾਰਸ਼ਨਿਕ ਪੁਸਤਕਾਂ/ਟ੍ਰੈਕਟ ਪ੍ਰਕਾਸ਼ਿਤ ਕਰਨ ਦਾ ਉਪਰਾਲਾ ਕੀਤਾ ਜਾਵੇਗਾ। ਹਥਲੀ ਪੁਸਤਕ ਇਸ ਲੜੀ ਦੀ ਪਹਿਲੀ ਪੁਸਤਕ ਹੈ ਜੋ ਸਿੱਖ ਪੰਥ ਨੂੰ ਭੇਟਾ ਕਰਦੇ ਹੋਏ ਅਸੀਂ ਗੁਰੂ ਪਾਤਸ਼ਾਹ ਦੀ ਨਦਰਿ ਦੇ ਪਾਤਰ ਬਣ ਕੇ ਆਪਣੇ ਆਪ ਨੂੰ ਵਡਭਾਗਾ ਮਹਿਸੂਸ ਕਰ ਰਹੇ ਹਾਂ। ਮੈਂ ਇਸ ਪੱਖੋਂ ਆਪਣੇ ਆਪ ਨੂੰ ਸੁਭਾਗਸ਼ਾਲੀ ਸਮਝਦਾ ਹਾਂ ਕਿ ਇਸ ਪੁਸਤਕ ਦੀ ਤਿਆਰੀ ਦੌਰਾਨ ਮੈਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਲਗ-ਪਗ 40-45 ਪੁਸਤਕਾਂ/ਸ੍ਰੋਤ ਗ੍ਰੰਥਾਂ ਦੇ ਅਧਿਐਨ ਕਰਨ ਅਤੇ ਗੁਰੂ ਪਾਤਸ਼ਾਹ ਦੇ ਜੀਵਨ-ਬਾਣੀ ਵਿਚੋਂ ਅਧਿਆਤਮਕ ਤਰੰਗਾਂ ਪ੍ਰਾਪਤ ਕਰਨ ਦਾ ਸੁਨਿਹਰੀ ਅਵਸਰ ਪ੍ਰਾਪਤ ਹੋਇਆ। ਇਸ ਪੁਸਤਕ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਯਾਤਰਾਵਾਂ, ਬਾਣੀ ਅਤੇ ਵਿਚਾਰਧਾਰਾ ਨਾਲ ਸੰਬੰਧਿਤ 350 ਸਵਾਲ-ਜਵਾਬ ਸ਼ਾਮਿਲ ਕੀਤੇ ਗਏ ਹਨ। ਇਹ ਪੁਸਤਕ ਸਕੂਲ-ਕਾਲਜ ਦੇ ਵਿਦਿਆਰਥੀਆਂ ਅਤੇ ਉਸ ਪਾਠਕ ਵਰਗ ਲਈ ਵਿਸ਼ੇਸ਼ ਰੂਪ ਵਿਚ ਤਿਆਰ ਕੀਤੀ ਗਈ ਹੈ ਜੋ ਵੱਡੇ ਆਕਾਰ ਦੇ ਖੋਜ ਪੇਪਰ ਅਤੇ ਪੁਸਤਕਾਂ ਪੜ੍ਹਨ ਵਿਚ ਆਪਣੇ ਆਪ ਨੂੰ ਸਹਿਜ ਮਹਿਸੂਸ ਨਹੀਂ ਕਰਦੇ। ਉਮੀਦ ਹੈ ਕਿ ਸੰਖੇਪ ਸਵਾਲ-ਜਵਾਬ ਪਾਠਕਾਂ ਨੂੰ ਰੋਚਕ ਅਤੇ ਸੁਖੈਨ ਢੰਗ ਰਾਹੀਂ ਸ੍ਰੀ

ਗੁਰੂ ਤੇਗ ਬਹਾਦਰ ਜੀ ਸੰਬੰਧੀ ਵਿਸ਼ੇਸ਼ ਜਾਣਕਾਰੀ ਪ੍ਰਦਾਨ ਕਰਨਗੇ।

ਪੁਸਤਕ ਨੂੰ ਵਿਸ਼ਾ ਸਮਗਰੀ ਅਨੁਸਾਰ ਚਾਰ ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲੇ ਅਤੇ ਦੂਸਰੇ ਭਾਗ ਵਿਚ ਗੁਰੂ ਸਾਹਿਬ ਦੇ ਜੀਵਨ, ਯਾਤਰਾਵਾਂ, ਸ਼ਹਾਦਤ, ਬਾਣੀ ਅਤੇ ਵਿਚਾਰਧਾਰਾ ਨਾਲ ਸੰਬੰਧਿਤ 350 ਸਵਾਲ-ਜਵਾਬ ਹਨ। ਤੀਜੇ ਭਾਗ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਨਾਲ ਸੰਬੰਧਿਤ ਪ੍ਰਮੁੱਖ ਅਸਥਾਨਾਂ ਦੀਆਂ ਤਸਵੀਰਾਂ ਨੂੰ ਸੰਖੇਪ ਵੇਰਵੇ ਸਹਿਤ ਸ਼ਾਮਿਲ ਕੀਤਾ ਗਿਆ ਹੈ। ਚੌਥੇ ਭਾਗ ਵਿਚ ਗੁਰੂ ਪਾਤਸ਼ਾਹ ਦੀ ਬਾਣੀ ਵਿੱਚੋਂ ਕੁਝ ਚੋਣਵੇਂ ਸ਼ਬਦ ਅਤੇ ਸਲੋਕ ਅਰਥਾਂ ਸਹਿਤ ਸ਼ਾਮਿਲ ਕੀਤੇ ਗਏ ਹਨ। ਪੁਸਤਕ ਦੇ ਅੰਤ ਵਿਚ ਪੁਸਤਕ ਦੀ ਤਿਆਰੀ ਲਈ ਪ੍ਰਯੋਗ ਕੀਤੀਆਂ ਗਈਆਂ ਪੁਸਤਕਾਂ ਦੀ ਸਹਾਇਕ ਪੁਸਤਕ ਸੂਚੀ ਪ੍ਰਦਾਨ ਕੀਤੀ ਗਈ ਹੈ। ਇਸ ਪੁਸਤਕ ਦੇ ਘੇਰੇ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਕੇਵਲ ਪ੍ਰਮੁੱਖ ਸਮਕਾਲੀ ਗੁਰਸਿੱਖਾਂ/ ਵਿਅਕਤੀਆਂ ਅਤੇ ਸਥਾਨਾਂ ਨੂੰ ਸ਼ਾਮਿਲ ਕੀਤਾ ਗਿਆ ਹੈ ਕਿਉਂਕਿ ਪੁਸਤਕ ਦੀ ਆਕਾਰ ਸੀਮਾ ਕਾਰਨ ਪੁਸਤਕ ਵਿਚ ਸਮੂਹ ਸੰਬੰਧਿਤ ਗੁਰਸਿੱਖਾਂ/ਵਿਅਕਤੀਆਂ ਅਤੇ ਅਸਥਾਨਾਂ ਦੇ ਵੇਰਵੇ ਪ੍ਰਦਾਨ ਕਰਨੇ ਸੰਭਵ ਨਹੀਂ ਸਨ। ਇਸ ਲਈ ਅਨੇਕਾਂ ਵੇਰਵੇ ਇਸ ਪੁਸਤਕ ਵਿਚ ਸ਼ਾਮਿਲ ਨਹੀਂ ਕੀਤੇ ਕਾ ਸਕੇ। ਪੁਸਤਕ ਵਿਚ ਸ਼ਾਮਿਲ ਇਤਿਹਾਸਿਕ ਸਵਾਲਾਂ-ਜਵਾਬਾਂ ਦੀ ਤਿਆਰੀ ਲਈ ਵੱਖ-ਵੱਖ ਸ੍ਰੋਤਾਂ ਅਤੇ ਪੁਸਤਕਾਂ ਦੇ ਅਧਿਐਨ ਰਾਹੀਂ ਪ੍ਰਮਾਣਿਕ ਤੱਥ ਤੱਕ ਪਹੁੰਚਣ ਦੀ ਕੋਸ਼ਿਸ਼ ਕੀਤੀ ਗਈ ਹੈ ਪ੍ਰੰਤੂ ਇਤਿਹਾਸ ਦੇ ਕਈ ਪੱਖਾਂ ਵਿਚ ਦਵੰਦ ਹੋਣ ਕਾਰਨ ਇਤਿਹਾਸਿਕ ਤੱਥਾਂ ਵਿਚ ਵਖਰੇਵਾਂ ਹੋਣਾ ਸੁਭਾਵਿਕ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਇਸ ਪੁਸਤਕ ਦੀ ਸੰਪੂਰਨਤਾ ਲਈ ਮੈਂ ਅਕਾਲ ਪੁਰਖ ਦਾ ਕੋਟਾਨਿ ਕੋਟਿ ਸ਼ੁਕਰਾਨਾ ਕਰਦਾ ਹਾਂ ਜਿਨ੍ਹਾਂ ਦੀ ਅਪਾਰ ਬਖਸ਼ਿਸ਼ ਸਦਕਾ ਇਹ ਕਾਰਜ ਸੰਭਵ ਹੋ ਸਕਿਆ ਹੈ। ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਮਾਨਯੋਗ ਪ੍ਰਧਾਨ ਜਥੇਦਾਰ ਜਗਦੀਸ਼ ਸਿੰਘ ਝੀਂਡਾ, ਮੁੱਖ ਸਕੱਤਰ ਸ. ਜਸਵਿੰਦਰ ਸਿੰਘ ਦੀਨਪੁਰ, ਸਮੂਹ ਅਹੁਦੇਦਾਰਾਂ ਅਤੇ ਅਧਿਕਾਰੀਆਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਸਮੇਂ-ਸਮੇਂ 'ਤੇ ਇਸ

ਪੁਸਤਕ ਲਈ ਸਹਿਯੋਗ ਪ੍ਰਦਾਨ ਕੀਤਾ। ਪੁਸਤਕ ਲਈ ਟਾਈਪਿੰਗ ਦਾ ਕਾਰਜ ਕਰਨ ਵਾਲੇ ਸ. ਸਤਨਾਮ ਸਿੰਘ ਦਾ ਧੰਨਵਾਦ ਕੀਤੇ ਬਿਨਾਂ ਇਸ ਪੁਸਤਕ ਦਾ ਕਾਰਜ ਸ਼ਾਇਦ ਅਧੂਰਾ ਹੀ ਰਹੇਗਾ। ਪੁਸਤਕ ਦੀ ਛਪਾਈ ਲਈ ਅਸੀਂ ਤੇਜਸ ਪ੍ਰਿੰਟਰਜ਼, ਪਟਿਆਲਾ ਦੇ ਸ਼ੁਕਰਗੁਜਾਰ ਹਾਂ ਜਿਨ੍ਹਾਂ ਨੇ ਸੀਮਤ ਸਮੇਂ ਵਿਚ ਪੁਸਤਕ ਦੀ ਸੁੰਦਰ ਢੰਗ ਨਾਲ ਛਪਾਈ ਕੀਤੀ। ਆਸ ਕਰਦੇ ਹਾਂ ਕਿ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਅਤੇ ਸਿੱਖ ਸੰਗਤ ਦਾ ਭਵਿੱਖ ਵਿਚ ਵੀ ਇਸੇ ਪ੍ਰਕਾਰ ਸਹਿਯੋਗ ਪ੍ਰਾਪਤ ਹੁੰਦਾ ਰਹੇਗਾ। ਪੁਸਤਕ ਵਿਚ ਜਾਣੇ-ਅਣਜਾਣੇ ਰਹਿ ਗਈਆਂ ਪਰੂਫ ਰੀਡਿੰਗ/ਟਾਈਪਿੰਗ ਅਤੇ ਹੋਰ ਗਲਤੀਆਂ ਲਈ ਮੈਂ ਗੁਰੂ ਰੂਪ ਸਾਧ-ਸੰਗਤ ਅਤੇ ਸਮੂਹ ਪਾਠਕਾਂ ਤੋਂ ਖਿਮਾ ਦਾ ਜਾਚਕ ਹਾਂ। ਉਮੀਦ ਹੈ ਕਿ ਵਿਦਵਾਨ/ਜਗਿਆਸੂ/ਪਾਠਕ ਇਸ ਪੁਸਤਕ ਤੋਂ ਭਰਪੂਰ ਲਾਭ ਪ੍ਰਾਪਤ ਕਰਨਗੇ। ਗੁਰੂ ਪਾਤਸ਼ਾਹ ਦੇ ਚਰਨਾਂ ਵਿਚ ਅਰਦਾਸ ਹੈ ਕਿ ਉਹ ਇਸੇ ਪ੍ਰਕਾਰ ਮਿਹਰ ਭਰਿਆ ਹੱਥ ਰੱਖ ਕੇ ਆਪਣੀਆਂ ਸੇਵਾਵਾਂ ਲੈਂਦੇ ਰਹਿਣ।

**ਡਾ. ਸੰਦੀਪ ਸਿੰਘ**

**ਇੰਚਾਰਜ, ਪਬਲੀਕੇਸ਼ਨ ਅਤੇ ਖੋਜ ਵਿਭਾਗ,**

**ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ,**

**ਕੁਰੂਕਸ਼ੇਤਰ।**

# ਤਤਕਰਾ


**ਮੁੱਖ ਬੰਧ** 3

**ਸੰਦੇਸ਼** 4

**ਭੂਮਿਕਾ** 5-8

ਭਾਗ ਪਹਿਲਾ

**ਸ੍ਰੀ ਗੁਰੂ ਤੇਗ ਬਹਾਦਰ ਜੀ: ਜੀਵਨ, ਯਾਤਰਾਵਾਂ ਅਤੇ ਸ਼ਹਾਦਤ** 10-90

ਭਾਗ ਦੂਜਾ

**ਸ੍ਰੀ ਗੁਰੂ ਤੇਗ ਬਹਾਦਰ ਜੀ: ਬਾਣੀ ਅਤੇ ਵਿਚਾਰਧਾਰਾ** 91-111

ਭਾਗ ਤੀਜਾ

**ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਪ੍ਰਮੁੱਖ ਅਸਥਾਨਾਂ ਦੀਆਂ ਤਸਵੀਰਾਂ** 112-120

ਭਾਗ ਚੌਥਾ

**ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਇਲਾਹੀ ਬਾਣੀ ਦੀ ਇਕ ਸੰਖੇਪ ਰੂਹਾਨੀ ਝਲਕ** 121-127

**ਸਹਾਇਕ ਪੁਸਤਕ ਸੂਚੀ** 128-132

# ਭਾਗ ਪਹਿਲਾ:

# ਸ੍ਰੀ ਗੁਰੂ ਤੇਗ ਬਹਾਦਰ ਜੀ: ਜੀਵਨ, ਯਾਤਰਾਵਾਂ ਅਤੇ ਸ਼ਹਾਦਤ

1. ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਸੰਬੰਧੀ ਜਾਣਕਾਰੀ ਪ੍ਰਦਾਨ ਕਰਨ ਵਾਲੇ ਪ੍ਰਮੁੱਖ ਸ੍ਰੋਤ ਕਿਹੜੇ-ਕਿਹੜੇ ਹਨ?

- ਬਚਿੱਤਰ ਨਾਟਕ (ਸ੍ਰੀ ਦਸਮ ਗ੍ਰੰਥ ਸਾਹਿਬ ਵਿਚੋਂ), ਸ੍ਰੀ ਗੁਰੂ ਤੇਗ ਬਹਾਦਰ ਜੀ ਦੁਆਰਾ ਸਿੱਖ ਸੰਗਤਾਂ ਨੂੰ ਭੇਜੇ ਗਏ ਵੱਖ-ਵੱਖ ਹੁਕਮਨਾਮੇ, ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ, ਮਹਿਮਾ ਪ੍ਰਕਾਸ਼, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਸ੍ਰੀ ਗੁਰ ਕਥਾ (ਭਾਈ ਜੈਤਾ ਜੀ), ਸ੍ਰੀ ਗੁਰ ਪੰਥ ਪ੍ਰਕਾਸ਼ (ਰਤਨ ਸਿੰਘ ਭੰਗੂ), ਪੰਥ ਪ੍ਰਕਾਸ਼ (ਗਿਆਨੀ ਗਿਆਨ ਸਿੰਘ), ਤਵਾਰੀਖ ਗੁਰੂ ਖਾਲਸਾ, ਮਾਲਵਾ ਦੇਸ਼ ਰਟਨ ਦੀ ਸਾਖੀ (ਸਾਖੀ ਪੋਥੀ), ਭੱਟ ਵਹੀਆਂ, ਗੁਰੂ ਕੀਆਂ ਸਾਖੀਆਂ ਆਦਿ।

2. ਮਹਾਂਕਵੀ ਭਾਈ ਸੰਤੋਖ ਸਿੰਘ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਦੀਆਂ ਕਿਹੜੀਆਂ ਰਾਸਾਂ/ਰੁੱਤਾਂ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜੀਵਨ ਬ੍ਰਿਤਾਂਤ ਪ੍ਰਾਪਤ ਹੁੰਦਾ ਹੈ?

- ਰਾਸਿ ਗਿਆਰਵੀਂ ਅਤੇ ਰਾਸਿ ਬਾਰ੍ਹਵੀਂ ਵਿਚ।

3. ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜਨਮ ਅਤੇ ਮਾਤਾ-ਪਿਤਾ ਬਾਰੇ ਜਾਣਕਾਰੀ ਦਿਓ?

- ਜਨਮ- ਵੈਸਾਖ ਵਦੀ 5, ਸੰਮਤ 1678 ਬਿਕਰਮੀ (1 ਅਪ੍ਰੈਲ, 1621 ਈ.)
  ਪਿਤਾ- ਸ੍ਰੀ ਗੁਰੂ ਹਰਿਗੋਬਿੰਦ ਸਾਹਿਬ
  ਮਾਤਾ- ਮਾਤਾ ਨਾਨਕੀ ਜੀ।

4. ਗੁਰ ਬਿਲਾਸ ਪਾਤਸ਼ਾਹੀ ਛੇਵੀਂ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜਨਮ ਤੋਂ ਬਾਅਦ ਉਨ੍ਹਾਂ ਦੇ ਦਰਸ਼ਨ ਕਰ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਬਾਲ ਗੁਰੂ ਸਾਹਿਬ ਪ੍ਰਤੀ ਕਿਹੜਾ ਬਚਨ ਕੀਤਾ?

➢ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਬਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਮੁੱਖ ਵੇਖ ਕੇ ਉਨ੍ਹਾਂ ਨੂੰ ਨਮਸਕਾਰ ਕੀਤੀ ਅਤੇ ਬਚਨ ਕੀਤਾ ਕਿ ਇਹ ਬਾਲਕ ਦੀਨਾਂ ਦੀ ਰੱਖਿਆ ਕਰੇਗਾ ਅਤੇ ਦੁਖੀਆਂ ਦੇ ਸੰਕਟ ਦੂਰ ਕਰੇਗਾ।

5. ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜਨਮ ਸਥਾਨ ’ਤੇ ਵਰਤਮਾਨ ਸਮੇਂ ਵਿਚ ਕਿਹੜਾ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ?

➢ ਗੁਰਦੁਆਰਾ ਗੁਰੂ ਕੇ ਮਹਿਲ, ਸ੍ਰੀ ਅੰਮ੍ਰਿਤਸਰ ਸਾਹਿਬ।

6. ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਨਕੇ ਸਥਾਨ ਦਾ ਕੀ ਨਾਮ ਹੈ?

➢ ਬਾਬਾ ਬਕਾਲਾ।

7. ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੁਨਿਆਵੀ ਰਿਸ਼ਤੇ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਕੀ ਲੱਗਦੇ ਸਨ?

➢ ਦਾਦਾ ਜੀ।

8. ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਕਿੰਨੇ ਭੈਣ ਭਰਾ ਸਨ?

- ਚਾਰ ਭਰਾ ਅਤੇ ਇਕ ਭੈਣ- ਬਾਬਾ ਗੁਰਦਿੱਤਾ ਜੀ (1613-1638 ਈ.), ਬੀਬੀ ਵੀਰੋ ਜੀ (ਭੈਣ, ਜਨਮ 1615 ਈ.), ਬਾਬਾ ਸੂਰਜ ਮੱਲ ਜੀ (1617-1645 ਈ.), ਬਾਬਾ ਅਣੀ ਰਾਏ ਜੀ (ਜਨਮ 1618 ਈ.) ਅਤੇ ਬਾਬਾ ਅਟੱਲ ਰਾਏ ਜੀ (1619-1628 ਈ.) ।

9. ਆਪਣੇ ਭੈਣ-ਭਰਾਵਾਂ ਵਿਚੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਉਮਰ ਪੱਖੋਂ ਕਿੰਨਵੇਂ ਸਥਾਨ ’ਤੇ ਸਨ?

- ਗੁਰੂ ਸਾਹਿਬ ਉਮਰ ਵਿਚ ਸਭ ਤੋਂ ਛੋਟੇ ਸਨ ਅਤੇ ਆਪਣੇ ਭੈਣ-ਭਰਾਵਾਂ ਵਿਚੋਂ ਛੇਵੇਂ ਸਥਾਨ ’ਤੇ ਸਨ।

10. ਗੁਰੂ ਸਾਹਿਬ ਦੇ ਬਚਪਨ ਦਾ ਨਾਮ ਕੀ ਸੀ ਅਤੇ ਇਹ ਨਾਮ ਕਿਵੇਂ ਤਬਦੀਲ ਹੋਇਆ?

- ਗੁਰੂ ਸਾਹਿਬ ਦੇ ਬਚਪਨ ਦਾ ਨਾਮ ਬਾਬਾ ਤਿਆਗ ਮੱਲ ਸੀ। ਕਰਤਾਰਪੁਰ ਦੀ ਜੰਗ ਵਿਚ ਗੁਰੂ ਸਾਹਿਬ ਦੀ ਤੇਗ ਦੇ ਜੌਹਰ ਵੇਖ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਇਨ੍ਹਾਂ ਦਾ ਨਾਮ ‘ਤੇਗ ਬਹਾਦਰ’ ਰੱਖਿਆ।

11. ਗੁਰੂ ਸਾਹਿਬ ਨੇ ਕਿਹੜੀਆਂ-ਕਿਹੜੀਆਂ ਸ਼ਖ਼ਸੀਅਤਾਂ ਪਾਸੋਂ ਵਿਦਿਆ ਪ੍ਰਾਪਤ ਕੀਤੀ?

- ਗੁਰੂ ਸਾਹਿਬ ਜੀ ਦੀ ਵਿਦਿਆ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਦੇਖ-ਰੇਖ ਵਿਚ ਹੋਈ। ਗੁਰੂ ਸਾਹਿਬ ਜੀ ਨੇ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ,

ਭਾਈ ਜੇਠਾ ਜੀ, ਭਾਈ ਬਿਧੀ ਚੰਦ, ਭਾਈ ਅਬਦੁੱਲਾ ਅਤੇ ਭਾਈ ਬਾਬਕ ਜੀ ਵਰਗੇ ਗੁਣੀ-ਵਿਦਵਾਨਾਂ ਪਾਸੋਂ ਗੁਰਮਤਿ, ਸ਼ਸਤਰ-ਸ਼ਾਸਤਰ, ਸੰਗੀਤ ਆਦਿ ਵਿਦਿਆ ਪ੍ਰਾਪਤ ਕੀਤੀਆਂ।

12. ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਵਿਆਹ ਕਦੋਂ ਅਤੇ ਕਿਸ ਨਾਲ ਹੋਇਆ?

- 15 ਅੱਸੂ, 1689 ਬਿਕਰਮੀ (1632 ਈ.) ਵਿਚ ਕਰਤਾਰਪੁਰ ਨਿਵਾਸੀ ਭਾਈ ਲਾਲ ਚੰਦ ਤੇ ਬੀਬੀ ਬਿਸ਼ਨ ਕੌਰ ਦੀ ਸਪੁੱਤਰੀ ਮਾਤਾ ਗੁਜਰੀ ਜੀ ਨਾਲ ਹੋਇਆ ਜਿਨ੍ਹਾਂ ਦਾ ਪਿਛਲਾ ਨਿਵਾਸ 'ਲਖਨੌਰ' ਨਾਮਕ ਨਗਰ (ਮੌਜੂਦਾ ਜ਼ਿਲ੍ਹਾ ਅੰਬਾਲਾ, ਹਰਿਆਣਾ) ਵਿਚ ਸੀ ।

13. ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਵਿਆਹ ਦੀ ਯਾਦ ਵਿਚ ਕਰਤਾਰਪੁਰ ਸਾਹਿਬ ਵਿਖੇ ਕਿਹੜਾ ਗੁਰਦੁਆਰਾ ਸਾਹਿਬ ਮੌਜੂਦ ਹੈ?

- 'ਗੁਰਦੁਆਰਾ ਵਿਆਹ ਅਸਥਾਨ' ਜੋ ਕਰਤਾਰਪੁਰ ਦੇ ਮਾਤਾ ਗੁਜਰੀ ਮੁਹੱਲੇ (ਪੁਰਾਣਾ ਨਾਮ ਰਬਾਬੀਆਂ ਦਾ ਮੁਹੱਲਾ) ਵਿਚ ਸਥਿਤ ਹੈ।

14. ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਕੀਰਤਪੁਰ ਤੋਂ ਬਾਬਾ ਬਕਾਲਾ ਆਉਣ ਦਾ ਕੀ ਕਾਰਨ ਸੀ?

- ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਮਾਤਾ ਨਾਨਕੀ ਜੀ ਅਤੇ ਮਾਤਾ ਗੁਜਰੀ ਜੀ ਨੂੰ ਬਾਬਾ ਬਕਾਲਾ ਜਾ ਕੇ ਨਿਵਾਸ ਕਰਨ ਦਾ ਹੁਕਮ ਕੀਤਾ ਸੀ।

ਇਸ ਲਈ ਗੁਰੂ ਸਾਹਿਬ ਨੇ ਕੀਰਤਪੁਰ ਸਾਹਿਬ ਤੋਂ ਆ ਕੇ ਬਾਬਾ ਬਕਾਲਾ ਵਿਚ ਨਿਵਾਸ ਕੀਤਾ।

15. ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਬਾਬਾ ਬਕਾਲਾ ਵਿਖੇ ਕਿੰਨਾ ਸਮਾਂ ਨਿਵਾਸ ਕੀਤਾ?

- ਸਿੱਖ ਰਵਾਇਤ ਅਨੁਸਾਰ ਗੁਰੂ ਸਾਹਿਬ ਨੇ ਬਾਬਾ ਬਕਾਲਾ ਵਿਖੇ ਲਗ-ਪਗ 20 ਸਾਲ ਨਿਵਾਸ ਕੀਤਾ। ਇਸ ਸਮੇਂ ਦੌਰਾਨ ਉਨ੍ਹਾਂ ਨੇ ਅਕਾਲ ਪੁਰਖ ਦੀ ਬੰਦਗੀ ਕੀਤੀ ਅਤੇ ਪੂਰਬ ਵੱਲ ਦੀਆਂ ਯਾਤਰਾਵਾਂ ਰਾਹੀਂ ਸਿੱਖ ਧਰਮ ਦਾ ਪ੍ਰਚਾਰ ਵੀ ਕੀਤਾ ।

16. ਬਾਬਾ ਬਕਾਲਾ ਨਿਵਾਸ ਦੌਰਾਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਰਿਹਾਇਸ਼ ਕਿਸ ਜਗ੍ਹਾ ’ਤੇ ਸੀ?

- ਬਾਬਾ ਬਕਾਲਾ ਨਿਵਾਸੀ ਭਾਈ ਮਿਹਰਾ ਜੀ ਦੁਆਰਾ ਸ਼ਰਧਾ ਸਹਿਤ ਛੇਵੇਂ ਪਾਤਸ਼ਾਹ ਲਈ ਬਣਾਏ ਗਏ ਨਵੇਂ ਮਕਾਨ ਵਿਚ। ਭਾਈ ਮਿਹਰਾ ਜੀ ਦੁਆਰਾ ਛੇਵੇਂ ਪਾਤਸ਼ਾਹ ਨੂੰ ਇਸ ਨਵੇਂ ਮਕਾਨ ਵਿਚ ਰਿਹਾਇਸ਼ ਲਈ ਬੇਨਤੀ ਕਰਨ ’ਤੇ ਗੁਰੂ ਸਾਹਿਬ ਨੇ ਬਚਨ ਕੀਤਾ ਸੀ ਕਿ ਭਵਿੱਖ ਵਿਚ ਉਹ ਲੰਮਾ ਸਮਾਂ ਉਸ ਦੇ ਮਕਾਨ ਵਿਚ ਨਿਵਾਸ ਕਰਨਗੇ। ਭਾਈ ਮਿਹਰਾ ਜੀ ਦੇ ਮਕਾਨ ਵਿਚ ਨਿਵਾਸ ਕਰਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਛੇਵੇਂ ਪਾਤਸ਼ਾਹ ਦੇ ਭਵਿੱਖਮੁਖੀ ਬਚਨ ਅਤੇ ਭਾਈ ਮਿਹਰਾ ਜੀ ਦੀ ਇੱਛਾ ਨੂੰ ਪੂਰਾ ਕੀਤਾ।

17. ਬਾਬਾ ਬਕਾਲਾ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਨਿਰਵਾਹ ਦਾ ਕੀ ਸਾਧਨ ਸੀ?

- ਗੁਰੂ ਸਾਹਿਬ ਨੂੰ ਬਾਬਾ ਬਕਾਲਾ ਜਾਣ ਦਾ ਹੁਕਮ ਦੇ ਕੇ ਛੇਵੇਂ ਗੁਰੂ ਸਾਹਿਬ ਨੇ ਜੀਵਨ ਨਿਰਵਾਹ ਲਈ ਸ੍ਰੀ ਹਰਿਗੋਬਿੰਦਪੁਰ ਨਗਰ ਦਾ ਇਲਾਕਾ ਗੁਰੂ ਤੇਗ ਬਹਾਦਰ ਜੀ ਦੇ ਅਧਿਕਾਰ ਹੇਠ ਕਰ ਦਿੱਤਾ ਸੀ।

18. ਬਾਬਾ ਬਕਾਲਾ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਕਿੰਨੇ ਗੁਰ ਅਸਥਾਨ ਹਨ?

- ਤਿੰਨ ਗੁਰ ਅਸਥਾਨ- ਗੁਰਦੁਆਰਾ ਦਰਬਾਰ ਸਾਹਿਬ, ਗੁਰਦੁਆਰਾ ਮੰਜੀ ਸਾਹਿਬ ਅਤੇ ਗੁਰਦੁਆਰਾ ਸ੍ਰੀ ਭੋਰਾ ਸਾਹਿਬ।

19. ਭੱਟ ਵਹੀ ਭਾਦਸੋਂ ਅਨੁਸਾਰ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਕਦੋਂ ਅਤੇ ਕਿਸ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਗੁਰਿਆਈ ਦਾ ਤਿਲਕ ਦੇ ਕੇ ਬਾਬਾ ਬਕਾਲਾ ਭੇਜਿਆ?

- ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਚੇਤ ਸੁਦੀ 14, ਸੰਮਤ 1721 ਬਿਕਰਮੀ (30 ਮਾਰਚ, 1664 ਈ.) ਵਾਲੇ ਦਿਨ ਦੀਵਾਨ ਦਰਘਾ ਮੱਲ ਜੀ, ਭਾਈ ਚਉਪਤ ਰਾਇ ਜੀ, ਭਾਈ ਜੇਠਾ ਜੀ, ਭਾਈ ਮਨੀ ਰਾਮ ਜੀ, ਭਾਈ ਨਾਨੂ ਜੀ ਅਤੇ ਆਪਣੀ ਮਾਤਾ ਸੁਲੱਖਣੀ ਜੀ ਨੂੰ ਜਥੇ ਦੇ ਰੂਪ ਵਿਚ ਬਾਬਾ ਬਕਾਲਾ ਭੇਜਿਆ।

20. ਸਿੱਖ ਸ੍ਰੋਤ ਗ੍ਰੰਥਾਂ ਅਨੁਸਾਰ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਕਿਹੜਾ ਬਚਨ ਕੀਤਾ ਜਿਸ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਗੁਰੂ ਹੋਣ ਸੰਬੰਧੀ ਸਪੱਸ਼ਟ ਸੰਕੇਤ ਹਨ?

- 'ਬਾਬਾ ਬਸਹਿ ਜਿ ਗ੍ਰਾਮ ਬਕਾਲੇ। ਬਨਿ ਗੁਰ, ਸੰਗਤਿ ਸਕਲ ਸਮਾਲੇ।' ਭਾਵ ਸੰਗਤ ਦੀ ਸੰਭਾਲ ਕਰਨ ਵਾਲੇ ਅਗਲੇ ਗੁਰੂ, 'ਬਕਾਲਾ' ਨਗਰ ਵਿਚ ਨਿਵਾਸ ਕਰਦੇ ਹਨ ਜੋ ਰਿਸ਼ਤੇ 'ਚ ਉਨ੍ਹਾਂ ਦੇ ਬਾਬਾ (ਦਾਦਾ ਜੀ) ਲੱਗਦੇ ਹਨ।

21. ਸਿੱਖ ਰਵਾਇਤ ਅਨੁਸਾਰ ਬਾਬਾ ਬਕਾਲਾ ਵਿਚ ਕਿੰਨੇ ਵਿਅਕਤੀ ਆਪਣੇ ਗੁਰੂ ਹੋਣ ਦਾ ਦਾਅਵਾ ਕਰਦੇ ਹੋਏ ਗੱਦੀਆਂ ਲਾ ਕੇ ਬੈਠੇ ਸਨ?

- ਸਿੱਖ ਰਵਾਇਤ ਅਨੁਸਾਰ 22 ਵਿਅਕਤੀ ਆਪਣੇ ਗੁਰੂ ਹੋਣ ਦਾ ਦਾਅਵਾ ਕਰਦੇ ਹੋਏ ਗੱਦੀਆਂ ਲਾ ਕੇ ਬੈਠੇ ਸਨ। ਇਨ੍ਹਾਂ ਵਿਚੋਂ ਸਭ ਤੋਂ ਮੋਹਰੀ ਧੀਰ ਮੱਲ ਸੀ ਜਿਸ ਦੇ ਕੋਲ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਲਿਖਵਾਈ ਗਈ ਆਦਿ ਗ੍ਰੰਥ ਸਾਹਿਬ ਦੀ ਹੱਥ ਲਿਖਤ ਬੀੜ (ਕਰਤਾਰਪੁਰੀ ਬੀੜ) ਵੀ ਮੌਜੂਦ ਸੀ।

22. ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਆਪ ਨੂੰ ਗੁਰੂ ਰੂਪ ਵਿਚ ਕਿਸ ਦੁਆਰਾ ਪ੍ਰਗਟ ਕੀਤਾ?

- ਭਾਈ ਮੱਖਣ ਸ਼ਾਹ ਲੁਬਾਣਾ ਦੁਆਰਾ ਜਦੋਂ ਉਹ ਆਪਣੀ ਅਰਦਾਸ ਪੂਰੀ ਹੋਣ ਦੀ ਭੇਟਾ, 500 ਮੋਹਰਾਂ ਦੇ ਰੂਪ ਵਿਚ ਗੁਰੂ ਨਾਨਕ ਸਾਹਿਬ ਦੀ ਗੱਦੀ 'ਤੇ ਬਿਰਾਜਮਾਨ ਗੁਰੂ ਜੋਤਿ ਨੂੰ ਭੇਟ ਕਰਨ ਆਏ ਸਨ।

23. ਉਪਰੋਕਤ ਘਟਨਾ ਸੰਬੰਧੀ ਪ੍ਰਚਲਿਤ ਸ਼ਬਦ 'ਗੁਰੂ ਲਾਧੋ ਰੇ' ਦਾ ਕੀ ਭਾਵ ਹੈ?

- ਇਹ ਸ਼ਬਦ ਗੁਜਰਾਤ ਇਲਾਕੇ (ਮੌਜੂਦਾ ਪਾਕਿਸਤਾਨ) ਦੀ ਭਾਸ਼ਾ ਦੇ ਹਨ

ਜਿਨ੍ਹਾਂ ਦਾ ਭਾਵ ਹੈ 'ਗੁਰੂ ਲੱਭ ਗਿਆ ਹੈ'।

24. ਦਿੱਲੀ ਤੋਂ ਗੁਰਿਆਈ ਦਾ ਤਿਲਕ ਲੈ ਕੇ ਤੁਰਨ ਵਾਲੇ ਜਥੇ ਨੇ ਕਿਸ ਦਿਨ ਬਾਬਾ ਬਕਾਲਾ ਪਹੁੰਚ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਵਿਵਹਾਰਕ ਰੂਪ ਵਿਚ ਗੁਰਿਆਈ ਦਾ ਤਿਲਕ ਦਿੱਤਾ?

- ਸੰਮਤ 1721 ਬਿਕਰਮੀ ਦੇ ਭਾਦੋਂ ਮਹੀਨੇ ਦੀ ਮੱਸਿਆ (11 ਅਗਸਤ, 1664 ਈ.) ਨੂੰ। ਗੁਰੂ ਸਾਹਿਬ ਨੂੰ ਗੁਰਿਆਈ ਦਾ ਤਿਲਕ ਭਾਈ ਗੁਰਦਿੱਤਾ ਜੀ ਨੇ ਲਗਾਇਆ ਜੋ ਕਿ ਬਾਬਾ ਬਾਬਾ ਬੁੱਢਾ ਜੀ ਦੀ ਚੌਥੀ ਪੀੜ੍ਹੀ ਵਿਚੋਂ ਅਤੇ ਬਾਬਾ ਝੰਡਾ ਜੀ ਦੇ ਸਪੁੱਤਰ ਸਨ।

25. ਗੁਰਗੱਦੀ ਪ੍ਰਾਪਤੀ ਉਪਰੰਤ ਸ੍ਰੀ ਗੁਰੂ ਤੇਗ ਬਹਾਦਰ ਜੀ ਉੱਪਰ ਕਿਸ ਨੇ ਗੋਲੀ ਚਲਵਾਈ?

- ਧੀਰ ਮੱਲ ਨੇ ਗੁਰੂ ਸਾਹਿਬ ਨੂੰ ਸਰੀਰਕ ਨੁਕਸਾਨ ਪਹੁੰਚਾਉਣ ਲਈ ਈਰਖਾ ਵਸ ਸ਼ੀਹੇਂ ਮਸੰਦ ਤੋਂ ਗੋਲੀ ਚਲਵਾਈ ਜੋ ਗੁਰੂ ਜੀ ਦੇ ਮੱਥੇ ਨੂੰ ਥੋੜ੍ਹਾ ਜਿਹਾ ਛੂਹ ਕੇ ਨਿਕਲ ਗਈ।

26. ਧੀਰ ਮੱਲ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਕੀ ਰਿਸ਼ਤਾ ਸੀ?

- ਧੀਰ ਮੱਲ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਵੱਡੇ ਸਪੁੱਤਰ ਬਾਬਾ ਗੁਰਦਿੱਤਾ ਜੀ ਦਾ ਵੱਡਾ ਪੁੱਤਰ ਸੀ ਜੋ ਰਿਸ਼ਤੇ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਭਤੀਜਾ ਲੱਗਦਾ ਸੀ।

27. ਸਿੱਖ ਸ੍ਰੋਤ ਗ੍ਰੰਥਾਂ ਅਨੁਸਾਰ ਹਮਲਾ ਕਰਵਾਉਣ ਵਾਲੇ ਧੀਰ ਮੱਲ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਿਹੜੇ ਬਚਨ ਉਚਾਰੇ?

- ‘ਭਲੇ ਧੀਰਮਲ ਭਲੇ ਜੀ, ਭਲੇ ਧੀਰਮਲ ਧੀਰ।’ (ਭਾਵ ਧੀਰ ਮੱਲ ਤੇਰਾ ਭਲਾ ਹੋਵੇ।)

28. ਉਪਰੋਕਤ ਲਾਈਨ ਕਿਸ ਗ੍ਰੰਥ ਵਿਚ ਹੈ?

- ਮਹਾਂਕਵੀ ਭਾਈ ਸੰਤੋਖ ਸਿੰਘ ਰਚਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਰਾਸਿ ਗਿਆਰਵੀਂ ਦੇ ਅੰਸੂ 12 ਵਿਚ।

29. ਸ੍ਰੀ ਗੁਰੂ ਤੇਗ ਬਹਾਦਰ ਜੀ ਉੱਪਰ ਹੋਏ ਹਮਲੇ ਦਾ ਭਾਈ ਮੱਖਣ ਸ਼ਾਹ ਲੁਬਾਣਾ ਵੱਲੋਂ ਕੀ ਪ੍ਰਤੀਕਰਮ ਕੀਤਾ ਗਿਆ?

- ਇਸ ਹਮਲੇ ਤੋਂ ਬਾਅਦ ਭਾਈ ਮੱਖਣ ਸ਼ਾਹ ਲੁਬਾਣਾ ਤੇ ਉਨ੍ਹਾਂ ਦੇ ਸਾਥੀਆਂ ਨੇ ਧੀਰ ਮੱਲ ਦੇ ਡੇਰੇ ’ਤੇ ਹਮਲਾ ਕਰਕੇ ਸ਼ੀਹੇਂ ਮਸੰਦ ਅਤੇ ਉਸਦੇ ਸਾਥੀਆਂ ਨੂੰ ਸਜ਼ਾਵਾਂ ਦਿੱਤੀਆਂ ਅਤੇ ਉਨ੍ਹਾਂ ਦੁਆਰਾ ਗੁਰੂ ਸਾਹਿਬ ਦੇ ਘਰ ਦਾ ਲੁੱਟਿਆ ਗਿਆ ਸਮਾਨ, ਸਮੇਤ ਧੀਰ ਮੱਲ ਦੇ ਡੇਰੇ ਦੇ ਸਮਾਨ ਦੇ, ਸ੍ਰੀ ਗੁਰੂ ਤੇਗ ਬਹਾਦਰ ਜੀ ਕੋਲ ਲੈ ਆਏ।

30. ਕੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੁਆਰਾ ਇਹ ਸਭ ਸਮਾਨ ਪ੍ਰਵਾਨ ਕੀਤਾ ਗਿਆ?

- ਨਹੀਂ, ਜਦੋਂ ਤਿਆਗੀ ਬਿਰਤੀ ਦੇ ਮਾਲਕ ਗੁਰੂ ਸਾਹਿਬ ਨੂੰ ਭਾਈ ਮੱਖਣ ਸ਼ਾਹ ਲੁਬਾਣਾ ਵਲੋਂ ਕੀਤੀ ਗਈ ਕਾਰਵਾਈ ਦਾ ਪਤਾ ਲੱਗਿਆ ਤਾਂ ਉਨ੍ਹਾਂ ਨੇ ਕੋਈ ਵੀ ਸਮਾਨ ਪ੍ਰਵਾਨ ਨਾ ਕਰਦੇ ਹੋਏ ਸਾਰਾ ਸਮਾਨ ਧੀਰ ਮੱਲ ਨੂੰ ਵਾਪਸ ਕਰਨ ਦਾ ਹੁਕਮ ਕੀਤਾ।

31. ਇਸ ਸਮਾਨ ਦੇ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਦੁਆਰਾ ਧੀਰ ਮੱਲ ਨੂੰ ਵਾਪਸ ਕੀਤੀ ਗਈ ਆਦਿ ਗ੍ਰੰਥ ਸਾਹਿਬ ਦੀ ਬੀੜ ਇਸ ਸਮੇਂ ਕਿੱਥੇ ਮੌਜੂਦ ਹੈ?

- ਕਰਤਾਰਪੁਰ ਸਾਹਿਬ, ਧੀਰ ਮੱਲ ਦੀ ਸੰਤਾਨ ਦੇ ਪਾਸ, ਜਿਸ ਨੂੰ ਕਰਤਾਰਪੁਰੀ ਬੀੜ ਕਿਹਾ ਜਾਂਦਾ ਹੈ।

32. ਜਿਸ ਸਥਾਨ ’ਤੇ ਆਦਿ ਗ੍ਰੰਥ ਸਾਹਿਬ ਦੀ ਬੀੜ ਰੱਖ ਕੇ ਧੀਰ ਮੱਲ ਨੂੰ ਇਸ ਬੀੜ ਨੂੰ ਲੈ ਜਾਣ ਸੰਬੰਧੀ ਸੁਨੇਹਾ ਭੇਜਿਆ ਗਿਆ ਉੱਥੇ ਕਿਹੜਾ ਗੁਰ ਅਸਥਾਨ ਹੈ?

- ਗੁਰਦੁਆਰਾ ਅਮਾਨਤਸਰ ਸਾਹਿਬ, ਬਾਬਾ ਬਕਾਲਾ ਤੋਂ ਲਗ-ਪਗ 8 ਕਿ.ਮੀ.।

33. ਗੁਰਗੱਦੀ ਪ੍ਰਾਪਤੀ ਤੋਂ ਬਾਅਦ ਗੁਰੂ ਸਾਹਿਬ ਕਿਹੜੇ ਸਥਾਨਾਂ ਤੋਂ ਹੁੰਦੇ ਹੋਏ ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚੇ?

- ਗੁਰਗੱਦੀ ਪ੍ਰਾਪਤੀ ਤੋਂ ਬਾਅਦ ਗੁਰੂ ਸਾਹਿਬ ਸਠਿਆਲਾ, ਰਈਆ, ਕਾਲੇਕੇ ਆਦਿ ਪਿੰਡਾਂ ਵਿਚੋਂ ਦੀ ਹੁੰਦੇ ਹੋਏ ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚੇ।

34. ਉਸ ਸਮੇਂ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦਾ ਪ੍ਰਬੰਧ ਕਿਸ ਦੇ ਅਧੀਨ ਸੀ?

- ਪ੍ਰਿਥੀ ਚੰਦ ਦੇ ਪੋਤਰੇ ਅਤੇ ਸੋਢੀ ਮਿਹਰਬਾਨ ਦੇ ਪੁੱਤਰ ਸੋਢੀ ਹਰਿ ਜੀ ਦੇ ਅਧੀਨ।

35. ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ੍ਰੀ ਹਰਿਮੰਦਰ ਸਾਹਿਬ ਪਹੁੰਚਣ ’ਤੇ ਉੱਥੋਂ ਦੇ ਮਸੰਦਾਂ ਦੁਆਰਾ ਕਿਸ ਪ੍ਰਕਾਰ ਦਾ ਵਿਵਹਾਰ ਕੀਤਾ ਗਿਆ?

- ਮਸੰਦਾਂ ਦੁਆਰਾ ਗੁਰੂ ਸਾਹਿਬ ਦੇ ਸ੍ਰੀ ਹਰਿਮੰਦਰ ਸਾਹਿਬ ਪਹੁੰਚਣ ਦੀ ਖ਼ਬਰ ਸੁਣ ਕੇ ਇਸ ਡਰ ਕਾਰਨ ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਉੜੀ ਦੇ ਦਰਵਾਜ਼ੇ ਬੰਦ ਕਰ ਲਏ ਗਏ ਕਿ ਸ੍ਰੀ ਗੁਰੂ ਤੇਗ ਬਹਾਦਰ ਸ੍ਰੀ ਹਰਿਮੰਦਰ ਸਾਹਿਬ ਉੱਪਰ ਕਬਜ਼ਾ ਨਾ ਕਰ ਲੈਣ ।

36. ਜਦੋਂ ਭਾਈ ਮੱਖਣ ਸ਼ਾਹ ਲੁਬਾਣਾ ਨੇ ਦਰਸ਼ਨੀ ਡਿਉੜੀ ਦਾ ਦਰਵਾਜ਼ਾ ਬੰਦ ਕਰਨ ਵਾਲੇ ਮਸੰਦਾਂ ਨੂੰ ਧੀਰ ਮੱਲ ਵਾਂਗ ਸਜ਼ਾ ਦੇਣ ਦੀ ਆਗਿਆ ਮੰਗੀ ਤਾਂ ਗੁਰੂ ਸਾਹਿਬ ਨੇ ਕੀ ਕਿਹਾ?

- ਗੁਰੂ ਸਾਹਿਬ ਨੇ ਬਚਨ ਕੀਤਾ ਕਿ ਇਨ੍ਹਾਂ ਨੂੰ ਸਜ਼ਾ ਦੇਣ ਦੀ ਜ਼ਰੂਰਤ ਨਹੀਂ ਕਿਉਂਕਿ ਇਹ ਪੂਜਾ ਦਾ ਧਾਨ ਖਾ ਕੇ ਲੋਭ ਨਾਲ ਪਹਿਲਾਂ ਹੀ ਮਰੇ ਹੋਏ ਹਨ।

37. ਦਰਸ਼ਨੀ ਡਿਉੜੀ ਦੇ ਦਰਵਾਜ਼ੇ ਬੰਦ ਹੋਣ ’ਤੇ ਗੁਰੂ ਸਾਹਿਬ ਨੇ ਕਿਸ ਸਥਾਨ ’ਤੇ ਆਪਣਾ ਆਸਣ ਲਾਇਆ?

- ਗੁਰੂ ਸਾਹਿਬ ਨੇ ਸ੍ਰੀ ਹਰਿਮੰਦਰ ਸਾਹਿਬ ਨੂੰ ਬਾਹਰੋਂ ਮੱਥਾ ਟੇਕਿਆ ਅਤੇ ਪਰਿਕਰਮਾ ਤੋਂ ਬਾਹਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਾਸ ਇਕ ਬੇਰੀ ਹੇਠਾਂ ਜਾ ਬੈਠੇ। ਇਸ ਸਥਾਨ 'ਤੇ ਹੁਣ ਗੁਰਦੁਆਰਾ ਥੜ੍ਹਾ ਸਾਹਿਬ ਮੌਜੂਦ ਹੈ।

38. 'ਨਹਿ ਮਸੰਦ ਤੁਮ ਅੰਮ੍ਰਿਤਸਰੀਏ, ਤ੍ਰਿਸ਼ਨਾ ਅਗਨ ਤੇ ਅੰਤਰ ਸੜੀਏ' ਇਹ ਵਾਕ ਗੁਰੂ ਸਾਹਿਬ ਨੇ ਕਿੰਨਾਂ ਲਈ ਉਚਾਰਿਆ?

- ਉਸ ਸਮੇਂ ਸ੍ਰੀ ਹਰਿਮੰਦਰ ਸਾਹਿਬ ਉੱਪਰ ਕਾਬਜ਼ ਮਸੰਦਾਂ ਲਈ।

39. ਉਪਰੋਕਤ ਲਾਈਨਾਂ ਕਿਸ ਗ੍ਰੰਥ ਵਿਚ ਹਨ ਅਤੇ ਇਨ੍ਹਾਂ ਦਾ ਰਚਨਾਕਾਰ ਕੌਣ ਹੈ?

- ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਰਾਸਿ ਗਿਆਰਵੀਂ ਦੇ ਅੰਸੂ 22 ਵਿਚ। ਰਚਨਾਕਾਰ- ਮਹਾਂਕਵੀ ਭਾਈ ਸੰਤੋਖ ਸਿੰਘ।

40. ਵਾਪਸੀ ਸਮੇਂ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਬਾਹਰਵਾਰ ਜਿੱਥੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇਕ ਰਾਤ ਲਈ ਆਪਣਾ ਨਿਵਾਸ ਕੀਤਾ, ਉੱਥੇ ਕਿਹੜਾ ਗੁਰ ਅਸਥਾਨ ਹੈ?

- ਗੁਰਦੁਆਰਾ ਦਮਦਮਾ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਲਗ-ਪਗ 5 ਕਿ.ਮੀ. ਦੂਰ।

41. 'ਮਾਈਆਂ ਰੱਬ ਰਜਾਈਆਂ' ਵਾਲਾ ਬਚਨ ਗੁਰੂ ਸਾਹਿਬ ਵੱਲੋਂ ਕਿਸ ਮਾਈ ਦੀ

ਸੇਵਾ ਤੋਂ ਖੁਸ਼ ਹੋ ਕੇ ਅਤੇ ਕਿਸ ਸਥਾਨ ’ਤੇ ਕੀਤਾ ਗਿਆ?

- ਮਾਈ ਹਰੋ ਜੀ ਦੀ ਸੇਵਾ ਤੋਂ ਖੁਸ਼ ਹੋ ਕੇ ‘ਵੱਲਾ’ ਪਿੰਡ ਵਿਖੇ ਇਹ ਬਚਨ ਕੀਤਾ ਗਿਆ।

42. ਵੱਲਾ ਪਿੰਡ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਕਿਹੜੇ-ਕਿਹੜੇ ਗੁਰ ਅਸਥਾਨ ਹਨ?

- ਗੁਰਦੁਆਰਾ ਕੋਠਾ ਸਾਹਿਬ ਅਤੇ ਗੁਰਦੁਆਰਾ ਵੱਲਾ ਸਾਹਿਬ।

43. ਘੁੱਕੇਵਾਲੀ ਨਾਮਕ ਪਿੰਡ ਦਾ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਕੀ ਸੰਬੰਧ ਹੈ?

- ਗੁਰੂ ਅਰਜਨ ਦੇਵ ਜੀ ਦੀ ਚਰਨ ਛੁਹ ਪ੍ਰਾਪਤ ਘੁੱਕੇਵਾਲੀ ਪਿੰਡ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸੰਗਤ ਦੀ ਸਹੂਲਤ ਲਈ ਇਕ ਖੂਹ ਅਤੇ ਬਾਗ਼ ਲਗਵਾਇਆ। ਵਰਤਮਾਨ ਸਮੇਂ ਵਿਚ ਇਸ ਸਥਾਨ ’ਤੇ ਗੁਰਦੁਆਰਾ ਗੁਰੂ ਕਾ ਬਾਗ਼ ਸਥਿਤ ਹੈ।

44. ਖਡੂਰ ਸਾਹਿਬ ਤੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਆਦਰ ਸਹਿਤ ਗੋਇੰਦਵਾਲ ਸਾਹਿਬ ਲੈ ਕੇ ਜਾਣ ਵਾਲੇ ਵਿਅਕਤੀ ਕੌਣ ਸਨ?

- ਗੁਰੂ ਅਮਰਦਾਸ ਜੀ ਦੇ ਸਪੁੱਤਰ ਬਾਬਾ ਮੋਹਰੀ ਜੀ ਦੇ ਖਾਨਦਾਨ ਵਿਚੋਂ ਬਾਬਾ ਦਵਾਰਕਾ ਦਾਸ ਜੀ।

45. ਖੇਮਕਰਨ ਨਾਮਕ ਸਥਾਨ ’ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਕਿਸ ਦੀ ਬੇਨਤੀ ’ਤੇ ਪਹੁੰਚੇ?

➢ ਗੁਰੂ ਘਰ ਦੇ ਸ਼ਰਧਾਲੂ ਚੌਧਰੀ ਰਘੂਪਤ ਰਾਇ ਨਿੱਝਰ ਦੀ ਬੇਨਤੀ ’ਤੇ ਜਿਸ ਨੇ ਵਿਦਾਇਗੀ ਸਮੇਂ ਗੁਰੂ ਸਾਹਿਬ ਨੂੰ ਇਕ ਚੰਗੀ ਨਸਲ ਦੀ ਘੋੜੀ ਭੇਟਾ ਕੀਤੀ।

46. ਖੇਮਕਰਨ ਨਾਮਕ ਸਥਾਨ ’ਤੇ ਗੁਰੂ ਸਾਹਿਬ ਕਿੰਨਾ ਥਾਵਾਂ ਤੋਂ ਹੁੰਦੇ ਹੋਏ ਪਹੁੰਚੇ?

➢ ਤਰਨ ਤਾਰਨ, ਖਡੂਰ ਸਾਹਿਬ ਅਤੇ ਗੋਇੰਦਵਾਲ ਸਾਹਿਬ ਆਦਿ ਥਾਵਾਂ ਤੋਂ ਹੁੰਦੇ ਹੋਏ।

47. ਖੇਮਕਰਨ ਵਿਖੇ ਗੁਰੂ ਸਾਹਿਬ ਦੀ ਯਾਦ ਵਿਚ ਕਿਹੜਾ ਗੁਰਦੁਆਰਾ ਸੁਸ਼ੋਭਿਤ ਹੈ?

➢ ਗੁਰਦੁਆਰਾ ਗੁਰੂਸਰ ਸਾਹਿਬ।

48. ਚੋਹਲਾ ਸਾਹਿਬ ਨਗਰ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਿਸ ਗੁਰਸਿੱਖ ਦੇ ਘਰ ਵਿਚ ਨਿਵਾਸ ਕੀਤਾ?

➢ ਭਾਈ ਹੀਰਾ ਨਾਮਕ ਤਰਖਾਣ ਸਿੱਖ ਦੇ ਘਰ।

49. ਚੋਹਲਾ ਸਾਹਿਬ ਤੋਂ ਕਿਹੜੇ ਰਸਤੇ ਤੋਂ ਹੁੰਦੇ ਹੋਏ ਗੁਰੂ ਸਾਹਿਬ ਸਾਬੋ ਕੀ ਤਲਵੰਡੀ ਪਹੁੰਚੇ?

➢ ਗੋਇੰਦਵਾਲ ਸਾਹਿਬ ਕੋਲੋਂ ਬਿਆਸ ਦਰਿਆ ਪਾਰ ਕਰਕੇ ਸੁਲਤਾਨਪੁਰ ਹੁੰਦੇ ਲੱਖੀ ਜੰਗਲ ਰਾਹੀਂ।

50. ਸਾਬੋ ਕੀ ਤਲਵੰਡੀ ਪਹੁੰਚ ਕੇ ਗੁਰੂ ਸਾਹਿਬ ਨੇ ਕਿਸ ਥਾਂ ’ਤੇ ਆਪਣਾ ਸਭ ਤੋਂ ਪਹਿਲਾ ਟਿਕਾਣਾ ਕੀਤਾ?

➢ ਗੁਰੂ ਸਾਹਿਬ ਨੇ ਇਕ ਵਰਮੀ (ਮਿੱਟੀ ਦੇ ਟਿੱਬੇ) ਹੇਠਾਂ ਡੇਰਾ ਲਾ ਕੇ ਦੀਵਾਨ ਸਜਾਇਆ ਅਤੇ ਇਸ ਥਾਂ ਦੇ ਭਾਰੀ ਅਸਥਾਨ ਦੇ ਰੂਪ ਵਿਚ ਪ੍ਰਗਟ ਹੋਣ ਦੇ ਭਵਿੱਖਤ ਬਚਨ ਕੀਤੇ। ਸਮਾਂ ਪਾ ਕੇ ਇਹ ਅਸਥਾਨ ਸਿੱਖ ਪੰਥ ਦੇ ਪੰਜਵੇਂ ਤਖ਼ਤ ‘ਤਖ਼ਤ ਸ੍ਰੀ ਦਮਦਮਾ ਸਾਹਿਬ’ ਦੇ ਰੂਪ ਵਿਚ ਪ੍ਰਸਿੱਧ ਹੋਇਆ।

51. ਸਾਬੋ ਕੀ ਤਲਵੰਡੀ ਵਿਖੇ ਗੁਰੂ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੁਆਰਾ ਤਿਆਰ ਕਰਵਾਏ ਗਏ ਸਰੋਵਰ ਨੂੰ ਕੀ ਕਿਹਾ ਜਾਂਦਾ ਹੈ?

➢ ਗੁਰੂਸਰ ਸਰੋਵਰ।

52. ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਤਲਵੰਡੀ ਸਾਬੋ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਕਿੰਨੇ ਗੁਰ ਅਸਥਾਨ ਹਨ?

➢ 2 ਗੁਰ ਅਸਥਾਨ- ਗੁਰਦੁਆਰਾ ਮੰਜੀ ਸਾਹਿਬ ਅਤੇ ਗੁਰਦੁਆਰਾ ਗੁਰੂਸਰ

ਸਾਹਿਬ।

53. ਕੋਟ ਧਰਮੂ ਨਾਮਕ ਨਗਰ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਘੋੜੇ ਚੋਰੀ ਕਰਨ ਆਏ ਚੋਰਾਂ ਨਾਲ ਕੀ ਵਾਪਰਿਆ?

- ਇਸ ਨਗਰ ਵਿਚ ਰਾਤ ਦੇ ਸਮੇਂ ਗੁਰੂ ਸਾਹਿਬ ਦੇ ਘੋੜੇ ਚੋਰੀ ਕਰਨ ਆਏ ਚੋਰਾਂ ਵਿਚੋਂ ਇਕ ਚੋਰ ਨੇ, ਸਿੱਖਾਂ ਦੁਆਰਾ ਪਕੜੇ ਜਾਣ ਤੋਂ ਬਾਦ ਪਛਤਾਵੇ ਅਧੀਨ, ਆਪਣੇ ਆਪ ਨੂੰ ਇਕ ਰੁੱਖ ਦੇ ਤਣੇ ਨੂੰ ਤਿੱਖਾ ਕਰਕੇ ਬਣਾਈ ਸੂਲੀ 'ਤੇ ਚੜ੍ਹਾ ਕੇ ਖਤਮ ਕਰ ਲਿਆ।

54. ਕੋਟ ਧਰਮੂ ਵਿਖੇ ਗੁਰੂ ਸਾਹਿਬ ਦੀ ਯਾਦ ਵਿਚ ਕਿਹੜਾ ਗੁਰਦੁਆਰਾ ਸਾਹਿਬ ਮੌਜੂਦ ਹੈ?

- ਗੁਰਦੁਆਰਾ ਸੂਲੀਸਰ ਸਾਹਿਬ।

55. ਬਰ੍ਹੇ ਨਾਮਕ ਪਿੰਡ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਕਿਸ ਪ੍ਰਕਾਰ ਸੰਬੰਧਿਤ ਹੈ?

- ਬਰ੍ਹੇ ਪਿੰਡ ਵਿਚ ਪਹੁੰਚਣ 'ਤੇ ਪਿੰਡ ਵਾਸੀਆਂ ਨੇ ਗੁਰੂ ਸਾਹਿਬ ਦੀ ਪਿਆਰ ਅਤੇ ਸਤਿਕਾਰ ਸਹਿਤ ਸੇਵਾ ਕੀਤੀ। ਪਿੰਡ ਵਾਸੀਆਂ ਦੀ ਬੇਨਤੀ ਮੰਨ ਕੇ ਗੁਰੂ ਸਾਹਿਬ ਨੇ ਇਥੇ ਚੁਮਾਸਾ (ਬਰਸਾਤ ਦੇ ਚਾਰ ਮਹੀਨੇ) ਬਤੀਤ ਕੀਤਾ। ਗੁਰੂ ਸਾਹਿਬ ਦੁਆਰਾ ਇਸ ਪਿੰਡ ਵਿਚ ਬਾਜਰੇ ਅਤੇ ਮੋਠ ਆਦਿ ਫਸਲਾਂ ਲਗਾਉਣ ਸੰਬੰਧੀ ਆਗਿਆ ਮੰਨ ਕੇ ਪਿੰਡ ਵਾਸੀਆਂ ਨੇ ਫਸਲ ਘੱਟ ਹੋਣ ਅਤੇ ਇਲਾਕੇ

ਵਿਚ ਕਾਲ ਪੈਣ ਦੀ ਸਮੱਸਿਆ ਨੂੰ ਦੂਰ ਕੀਤਾ।

56. ਗੋਬਿੰਦਪੁਰਾ ਪਿੰਡ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਕਿਹੜਾ ਗੁਰ ਅਸਥਾਨ ਹੈ?

- ਗੁਰਦੁਆਰਾ ਚਰਨ ਕਮਲ ਸਾਹਿਬ, ਪਾਤਸ਼ਾਹੀ ਨੌਂਵੀਂ ਅਤੇ ਦਸਵੀਂ। ਇਸ ਪਿੰਡ ਨੂੰ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ-ਛੁਹ ਵੀ ਪ੍ਰਾਪਤ ਹੈ।

57. 'ਗੁਰੂ ਕੀਆਂ ਸਾਖੀਆਂ' ਨਾਮਕ ਸ੍ਰੋਤ ਅਨੁਸਾਰ 'ਚੱਕ ਮਾਤਾ ਨਾਨਕੀ' ਦੀ ਸਥਾਪਨਾ ਤੋਂ ਪਹਿਲਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਿਸ ਸਥਾਨ ਨੂੰ ਆਪਣੀ ਰਿਹਾਇਸ਼ ਰੱਖ ਕੇ ਸਿੱਖੀ ਦੇ ਪ੍ਰਚਾਰ ਕੇਂਦਰ ਵਜੋਂ ਵਿਕਸਤ ਕਰਨ ਦਾ ਫੈਸਲਾ ਕੀਤਾ?

- ਮੌਜੂਦਾ ਹਰਿਆਣਾ ਪ੍ਰਾਂਤ ਵਿਚ ਸਥਿਤ ਧਮਤਾਨ ਸਾਹਿਬ ਨਾਮਕ ਸਥਾਨ ਨੂੰ। ਮਹਿਮਾ ਪ੍ਰਕਾਸ਼ ਗ੍ਰੰਥ ਅਨੁਸਾਰ ਇਸ ਸਥਾਨ 'ਤੇ ਸਿੱਖ ਸੰਗਤ ਦੁਆਰਾ ਗੁਰੂ ਸਾਹਿਬ ਦੇ ਨਿਵਾਸ ਲਈ ਸੁੰਦਰ ਰਿਹਾਇਸ਼ ਵੀ ਤਿਆਰ ਕੀਤੀ ਗਈ।

58. ਧਮਤਾਨ ਸਾਹਿਬ ਨਾਮਕ ਸਥਾਨ 'ਤੇ ਗੁਰੂ ਸਾਹਿਬ ਕਿਸ ਦੇ ਸੱਦੇ 'ਤੇ ਪਹੁੰਚੇ ਸਨ?

- ਭਾਈ ਦੱਗੋ ਨਾਮਕ ਮਸੰਦ ਦੇ ਸੱਦੇ 'ਤੇ।

59. ਸ੍ਰੀ ਗੁਰੂ ਤੇਗ ਬਹਾਦਰ ਜੀ ਕਿੰਨਾਂ ਥਾਵਾਂ ਤੋਂ ਹੁੰਦੇ ਹੋਏ ਧਮਤਾਨ ਸਾਹਿਬ

ਪਹੁੰਚੇ ਸਨ?

- ਲਹਿਰਾ-ਗਾਗਾ, ਗੁਰਨੇ, ਲਹਿਲ ਕਲਾਂ, ਮੂਨਕ, ਮਕਰੌੜ ਸਾਹਿਬ ਆਦਿ ਪਿੰਡਾਂ ਵਿਚੋਂ।

60. ਧਮਤਾਨ ਸਾਹਿਬ ਨਾਮਕ ਸਥਾਨ 'ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਕਿਹੜੀ ਨਿਸ਼ਾਨੀ ਮੌਜੂਦ ਹੈ?

- ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ੍ਰੀ ਸਾਹਿਬ (ਕ੍ਰਿਪਾਨ)।

61. ਸ੍ਰੀ ਗੁਰੂ ਤੇਗ ਬਹਾਦਰ ਜੀ ਦੁਆਰਾ ਇਸ ਅਸਥਾਨ ਤੋਂ ਬਿਲਾਸਪੁਰ ਰਿਆਸਤ ਵਿਚ ਜਾਣ ਦਾ ਕੀ ਕਾਰਨ ਸੀ?

- ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਬਿਲਾਸਪੁਰ ਦੇ ਰਾਜਾ ਦੀਪ ਚੰਦ (ਜੋ ਕਿ ਗੁਰੂ ਘਰ ਦਾ ਸ਼ਰਧਾਲੂ ਸੀ) ਦੇ ਦਿਹਾਂਤ ਮਗਰੋਂ ਉਸ ਦੀ ਸਤਾਰਵੀਂ 'ਤੇ ਉਸ ਦੀ ਵਿਧਵਾ ਰਾਣੀ ਚੰਪਾ ਦੇਵੀ ਨੂੰ ਦਿਲਾਸਾ ਦੇਣ ਲਈ ਬਿਲਾਸਪੁਰ ਰਿਆਸਤ ਵਿਚ ਗਏ।

62. ਬਿਲਾਸਪੁਰ ਰਿਆਸਤ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਿਹੜਾ ਨਗਰ ਵਸਾਇਆ ਅਤੇ ਇਸ ਨਗਰ ਨੂੰ ਵਸਾਉਣ ਦਾ ਕਿਹੜਾ ਕਾਰਨ ਬਣਿਆ?

- ਇਸ ਰਿਆਸਤ ਵਿਚ ਗੁਰੂ ਸਾਹਿਬ ਨੇ ਚੱਕ ਮਾਤਾ ਨਾਨਕੀ ਨਾਮਕ ਨਗਰ ਦੀ ਸਥਾਪਨਾ ਕੀਤੀ ਜੋ ਬਾਅਦ ਵਿਚ ਅਨੰਦਪੁਰ ਸਾਹਿਬ ਦੇ ਨਾਮ ਨਾਲ ਪ੍ਰਸਿੱਧ

ਹੋਇਆ। ਬਿਲਾਸਪੁਰ ਦੇ ਰਾਜਾ ਦੀਪ ਚੰਦ ਦੀ ਵਿਧਵਾ ਰਾਣੀ, ਚੰਪਾ ਦੇਵੀ ਦੀ ਬੇਨਤੀ ਪ੍ਰਵਾਨ ਕਰ ਕੇ ਗੁਰੂ ਸਾਹਿਬ ਨੇ ਉਸ ਦੀ ਰਿਆਸਤ ਵਿਚ ਨਗਰ ਵਸਾ ਕੇ ਨਿਵਾਸ ਕਰਨ ਦਾ ਫੈਸਲਾ ਕੀਤਾ।

63. ਚੱਕ ਮਾਤਾ ਨਾਨਕੀ ਨਗਰ ਲਈ ਕਿਸ ਥਾਂ ਦੀ ਚੋਣ ਕੀਤੀ ਗਈ?

- ਚੱਕ ਮਾਤਾ ਨਾਨਕੀ ਦੀ ਸਥਾਪਨਾ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਇਕ ਅਜਿਹਾ ਸਥਾਨ ਚਾਹੁੰਦੇ ਸਨ ਜੋ ਸਾਕ-ਸੰਬੰਧੀਆਂ ਦੀ ਈਰਖਾ-ਦ੍ਵੈਸ਼ ਤੋਂ ਦੂਰ ਹੋਵੇ, ਕੁਦਰਤੀ ਨਜ਼ਾਰਿਆਂ ਨਾਲ ਭਰਪੂਰ ਤੇ ਪਹਾੜੀਆਂ ਨਾਲ ਘਿਰਿਆ ਹੋਵੇ ਅਤੇ ਯੁੱਧਨੀਤਿਕ ਪੱਖ ਤੋਂ ਸੁਰੱਖਿਅਤ ਹੋਵੇ। ਇਨ੍ਹਾਂ ਸਾਰੀਆਂ ਗੱਲਾਂ ਨੂੰ ਧਿਆਨ ਵਿਚ ਰੱਖਦੇ ਹੋਏ ਗੁਰੂ ਸਾਹਿਬ ਨੇ ਤਿੰਨ ਪਿੰਡਾਂ- ਲੋਧੀਪੁਰ, ਮੀਆਂਪੁਰ ਅਤੇ ਸਹੋਟਾ ਦੀ ਸਾਂਝੀ ਧਰਤੀ 'ਮਾਖੋਵਾਲ ਦੇ ਥੇਹ' ਦੀ ਚੋਣ ਕੀਤੀ।

64. ਸ੍ਰੀ ਗੁਰੂ ਤੇਗ ਬਹਾਦਰ ਜੀ ਦੁਆਰਾ ਚੱਕ ਮਾਤਾ ਨਾਨਕੀ ਨਗਰ ਵਸਾਉਣ ਵਾਲੀ ਥਾਂ ਕਿੰਨੀ ਕੀਮਤ ਦੇ ਕੇ ਖਰੀਦੀ ਗਈ?

- ਸਿੱਖ ਰਵਾਇਤ ਅਨੁਸਾਰ ਇਹ ਥਾਂ ਬਿਲਾਸਪੁਰ ਰਿਆਸਤ ਤੋਂ 500 ਰੁਪਈਏ ਦੇ ਕੇ ਖਰੀਦੀ ਗਈ।

65. ਚੱਕ ਮਾਤਾ ਨਾਨਕੀ ਨਗਰ ਦਾ ਨੀਂਹ ਪੱਥਰ ਕਦੋਂ ਅਤੇ ਕਿਸ ਨੇ ਰੱਖਿਆ?

- ਇਸ ਨਗਰ ਦਾ ਨੀਂਹ ਪੱਥਰ 21 ਹਾੜ੍ਹ, ਸੰਮਤ 1722 ਬਿਕਰਮੀ (19 ਜੂਨ, 1665 ਈ.) ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਭਾਈ ਗੁਰਦਿੱਤਾ ਜੀ ਤੋਂ

ਰਖਵਾਇਆ ਜੋ ਕਿ ਬਾਬਾ ਬਾਬਾ ਬੁੱਢਾ ਜੀ ਦੀ ਚੌਥੀ ਪੀੜ੍ਹੀ ਵਿਚੋਂ ਅਤੇ ਬਾਬਾ ਝੰਡਾ ਜੀ ਦੇ ਸਪੁੱਤਰ ਸਨ। ।

66. ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਚੱਕ ਮਾਤਾ ਨਾਨਕੀ ਦੀ ਉਸਾਰੀ ਦੌਰਾਨ ਇਸ ਉਸਾਰੀ 'ਤੇ ਸ਼ੰਕਾ ਕਰਨ ਵਾਲੇ ਕਿਸ ਫਕੀਰ ਨੂੰ ਸੱਚ ਦਾ ਉਪਦੇਸ਼ ਕਰਵਾਇਆ?

➢ ਇਸ ਨਗਰ ਦੇ ਨਿਰਮਾਣ ਦੌਰਾਨ ਗੁਰੂ ਸਾਹਿਬ ਨੇ ਇਕ ਮੁਸਲਮਾਨ ਫਕੀਰ ਸੱਯਦ ਮੂਸਾ (ਜੋ ਰੋਪੜ ਦਾ ਪੀਰ ਕਰਕੇ ਪ੍ਰਸਿੱਧ ਸੀ) ਨੂੰ ਇਹ ਉਪਦੇਸ਼ ਦ੍ਰਿੜ੍ਹ ਕਰਵਾਇਆ ਕਿ ਇਮਾਰਤਾਂ ਦੀ ਉਸਾਰੀ ਮਨੁੱਖਤਾ ਦੇ ਉਪਕਾਰ ਲਈ ਕੀਤੀ ਜਾ ਰਹੀ ਹੈ, ਨਾ ਕਿ ਪਦਾਰਥਵਾਦੀ ਰੁਚੀ ਦੀ ਪੂਰਤੀ ਲਈ।

67. ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਪ੍ਰਚਾਰ ਲਈ ਪੂਰਬ ਵੱਲ ਜਾਣ ਤੋਂ ਪਹਿਲਾਂ ਅਨੰਦਪੁਰ ਸਾਹਿਬ ਦੀ ਉਸਾਰੀ ਅਤੇ ਦੇਖਭਾਲ ਦਾ ਕਾਰਜ ਕਿੰਨਾ ਗੁਰਸਿੱਖਾਂ ਨੂੰ ਸੌਂਪਿਆ?

➢ ਭਾਈ ਭਾਗੂ ਜੀ, ਭਾਈ ਰਾਮਾ ਜੀ, ਭਾਈ ਸਾਧੂ ਮੁਲਤਾਨੀ ਜੀ ਅਤੇ ਭਾਈ ਦੇਸ ਰਾਜ ਜੀ ਆਦਿ ਗੁਰਸਿੱਖਾਂ ਨੂੰ।

68. ਸ੍ਰੀ ਗੁਰੂ ਤੇਗ ਬਹਾਦਰ ਜੀ ਪ੍ਰਚਾਰ ਦੌਰੇ ਲਈ ਅਨੰਦਪੁਰ ਸਾਹਿਬ ਤੋਂ ਪਰਿਵਾਰ ਸਮੇਤ ਕਦੋਂ ਰਵਾਨਾ ਹੋਏ?

➢ ਸੰਮਤ 1722 ਬਿਕਰਮੀ ਦੇ ਅੱਸੂ ਮਹੀਨੇ ਵਿਚ (ਅਕਤੂਬਰ 1665 ਈ.

ਵਿਚ, ਬਰਸਾਤਾਂ ਦਾ ਚੁਮਾਸਾ ਕੱਟਣ ਤੋਂ ਬਾਅਦ)।

69. ਅਨੰਦਪੁਰ ਸਾਹਿਬ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਤ ਕਿੰਨੇ ਗੁਰ ਅਸਥਾਨ ਹਨ?

- ਚਾਰ ਗੁਰ ਅਸਥਾਨ- ਗੁਰਦੁਆਰਾ ਗੁਰੂ ਕੇ ਮਹਿਲ, ਗੁਰਦੁਆਰਾ ਮੰਜੀ ਸਾਹਿਬ, ਗੁਰਦੁਆਰਾ ਭੋਰਾ ਸਾਹਿਬ ਅਤੇ ਗੁਰਦੁਆਰਾ ਸੀਸਗੰਜ ਸਾਹਿਬ।

70. ਰੋਪੜ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਕਿਹੜਾ ਗੁਰਦੁਆਰਾ ਸਾਹਿਬ ਮੌਜੂਦ ਹੈ?

- ਗੁਰਦੁਆਰਾ ਸ੍ਰੀ ਸਦਾਵਰਤ ਸਾਹਿਬ।

71. ਦੁੱਗਰੀ ਪਿੰਡ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਕਿਹੜੀ ਰਵਾਇਤ ਹੈ?

- ਦੁੱਗਰੀ ਪਿੰਡ (ਜ਼ਿਲ੍ਹਾ ਰੋਪੜ) ਵਿਚ ਖੜ੍ਹੇ ਇਕ ਬੋਹੜ ਦੇ ਰੁੱਖ ਸੰਬੰਧੀ ਇਹ ਰਵਾਇਤ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਇਸ ਬਰੋਟੇ ਦੇ ਹੇਠਾਂ ਆ ਕੇ ਬੈਠੇ ਸਨ। ਇਸ ਬਰੋਟੇ ਹੇਠਾਂ ਹੁਣ ਇਕ ਥੜ੍ਹਾ ਬਣਿਆ ਹੋਇਆ ਹੈ ਅਤੇ ਨਾਲ ਹੀ 'ਗੁਰਦੁਆਰਾ ਬੋਹੜ ਸਾਹਿਬ, ਪਾਤਸ਼ਾਹੀ ਨੌਂਵੀਂ' ਦੀ ਇਮਾਰਤ ਹੈ। ਇਸ ਸਥਾਨ 'ਤੇ ਗੁਰੂ ਸਾਹਿਬ ਨੇ ਇਕ ਮਾਤਾ ਦੁਆਰਾ ਬੇਨਤੀ ਕਰਨ 'ਤੇ ਉਸ ਦੇ ਬੱਚੇ ਦੀ ਸੋਕੜੇ ਦੀ ਬਿਮਾਰੀ ਨੂੰ ਠੀਕ ਕੀਤਾ ਸੀ।

72. ਕੋਟਲੀ ਦੇ ਨਵਾਬ 'ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਕਿਹੜੀ ਬਖਸ਼ਿਸ਼

ਹੋਈ?

- ਕੋਟਲੀ ਦਾ ਨਵਾਬ ਗੁਰੂ ਸਾਹਿਬ ਨੂੰ ਉਚੇਚੇ ਤੌਰ 'ਤੇ ਆਪਣੇ ਮਹਿਲ ਵਿਚ ਲੈ ਗਿਆ ਅਤੇ ਉਨ੍ਹਾਂ ਦੀ ਬਹੁਤ ਸੇਵਾ ਕੀਤੀ। ਗੁਰੂ ਸਾਹਿਬ ਦੀ ਅਸੀਸ ਨਾਲ ਨਵਾਬ ਦੇ ਘਰ ਲੜਕਾ ਪੈਦਾ ਹੋਇਆ।

73. ਘੜੂੰਆਂ ਵਿਖੇ ਕਿਸ ਗੁਰਸਿੱਖ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸੇਵਾ ਕੀਤੀ?

- ਭਾਈ ਬਲਰਾਮ ਨਾਮਕ ਇਕ ਤਰਖਾਣ ਸਿੱਖ ਨੇ।

74. ਘੜੂੰਆਂ ਪਿੰਡ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਕਿਹੜਾ ਅਸਥਾਨ ਮੌਜੂਦ ਹੈ?

- ਗੁਰਦੁਆਰਾ ਸ੍ਰੀ ਅਕਾਲਗੜ੍ਹ ਸਾਹਿਬ, ਪਾਤਸ਼ਾਹੀ ਨੌਂਵੀਂ।

75. ਕਿਹੜੇ ਪਿੰਡ ਨੂੰ ਹੜ੍ਹਾਂ ਦੀ ਮਾਰ ਤੋਂ ਬਚਾਉਣ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਬੰਨ੍ਹ ਬਣਵਾਇਆ ਅਤੇ ਮਿੱਟੀ ਦਾ ਭਰਤ ਪਵਾ ਕੇ ਨੀਵੇਂ ਘਰਾਂ ਨੂੰ ਉੱਚਾ ਕੀਤਾ?

- ਨੰਦਪੁਰ-ਕਲੌੜ ਨਾਮਕ ਪਿੰਡ ਨੂੰ ।

76. ਬਹੇੜ ਨਾਮਕ ਪਿੰਡ ਵਿਚ ਗੁਰੂ ਜੀ ਨੇ ਲੋਕ ਭਲਾਈ ਲਈ ਕਿਹੜਾ ਕਾਰਜ ਕੀਤਾ?

- ਸਥਾਨਕ ਰਵਾਇਤ ਅਨੁਸਾਰ ਇਸ ਪਿੰਡ ਦੇ ਨੇੜਿਓਂ ਖਰੜ ਵਾਲੀ ਨਦੀ ਲੰਘਦੀ ਸੀ ਜਿਹੜੀ ਬਰਸਾਤ ਦੇ ਦਿਨਾਂ ਵਿਚ ਪਿੰਡ ਦਾ ਨੁਕਸਾਨ ਕਰ ਦਿੰਦੀ ਸੀ। ਗੁਰੂ ਸਾਹਿਬ ਨੇ ਸੰਗਤ ਇਕੱਠੀ ਕਰਕੇ ਪਿੰਡ ਦੇ ਆਲੇ ਦੁਆਲੇ ਬੰਨ੍ਹ ਬਣਵਾ ਕੇ ਨਦੀ ਦਾ ਵਹਿਣ ਮੋੜ ਦਿੱਤਾ।

77. ਮਕਾਰਪੁਰ ਪਿੰਡ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਕਿੰਨੇ ਦਿਨ ਰੁਕੇ?

- ਮਕਾਰਪੁਰ ਦੀ ਰਹਿਣ ਵਾਲੀ 'ਮਾਈ ਮਾੜੀ' ਨੇ ਗੁਰੂ ਸਾਹਿਬ ਅਤੇ ਸਾਰੀ ਸੰਗਤ ਦੀ ਆਪਣੇ ਹੱਥਾਂ ਨਾਲ ਲੰਗਰ ਪਕਾ ਕੇ ਸੇਵਾ ਕੀਤੀ। ਪਿੰਡ ਵਾਸੀਆਂ ਦੀ ਸੇਵਾ ਭਾਵਨਾ ਵੇਖ ਕੇ ਗੁਰੂ ਸਾਹਿਬ ਇਸ ਥਾਂ 'ਤੇ 7 ਦਿਨ ਰੁਕੇ।

78. ਨੌਲੱਖਾ ਪਿੰਡ ਦਾ ਇਹ ਨਾਮ ਪ੍ਰਚੱਲਿਤ ਹੋਣ ਦਾ ਕੀ ਕਾਰਨ ਹੈ?

- ਇਸ ਪਿੰਡ ਵਿਚ ਲੱਖੀ ਨਾਮਕ ਵਪਾਰੀ ਦੁਆਰਾ ਸ਼ਰਧਾ ਸਹਿਤ ਭੇਟਾ ਕੀਤੇ ਨੌਂ ਟਕਿਆਂ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਨੌਂ ਲੱਖ ਟਕਿਆਂ ਦੇ ਬਰਾਬਰ ਦੱਸਿਆ। ਇਸ ਤੋਂ ਬਾਅਦ ਇਸ ਪਿੰਡ ਦਾ ਨਾਮ ਨੌਲੱਖਾ ਪੈ ਗਿਆ।

79. ਆਕੜ ਨਾਮਕ ਸਥਾਨ 'ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਗੁਰਦੁਆਰਾ ਨਿੰਮ ਸਾਹਿਬ ਦਾ ਕੀ ਇਤਿਹਾਸ ਹੈ?

- ਸ੍ਰੀ ਗੁਰੂ ਤੇਗ ਬਹਾਦਰ ਜੀ ਇਸ ਸਥਾਨ 'ਤੇ ਇਕ ਨਿੰਮ ਹੇਠਾਂ ਬੈਠੇ ਸਨ ਜੋ ਹੁਣ ਵੀ ਖੜ੍ਹਾ ਹੈ। ਗੁਰਦੁਆਰਾ ਸਾਹਿਬ ਦੇ ਉੱਤੇ ਮੌਜੂਦ ਇਸ ਨਿੰਮ ਦੀਆਂ ਜਿਨ੍ਹਾਂ ਟਾਹਣੀਆਂ ਤੋਂ ਤੋੜ ਕੇ ਗੁਰੂ ਸਾਹਿਬ ਨੇ ਦਾਤਣ ਕੀਤੀ ਸੀ, ਉਹ

ਟਾਹਣੀਆਂ ਮਿੱਠੀਆਂ ਹਨ ਅਤੇ ਬਾਕੀ ਟਾਹਣੀਆਂ ਕੌੜੀਆਂ ਹਨ। ਰਵਾਇਤ ਅਨੁਸਾਰ ਗੁਰੂ ਸਾਹਿਬ ਦੇ ਇਥੇ ਪਹੁੰਚਣ 'ਤੇ ਇਕ ਤਰਖਾਣ ਸਿੱਖ ਨੇ ਗੁਰੂ ਜੀ ਦੀ ਸੇਵਾ ਕੀਤੀ ਸੀ ਅਤੇ ਬਾਕੀ ਪਿੰਡ ਆਕੜ ਕੇ ਬੈਠਾ ਰਿਹਾ।

80. ਕਿਸ ਸ਼ਰਧਾਲੂ ਦੇ ਪ੍ਰੇਮ ਅਧੀਨ ਸ੍ਰੀ ਗੁਰੂ ਤੇਗ ਬਹਾਦਰ ਜੀ ਸੈਫ਼ਾਬਾਦ ਪਹੁੰਚੇ?

- ਸੈਫ਼ਾਬਾਦ ਦੇ ਸੂਫੀ ਸੁਭਾਅ ਵਾਲੇ ਨਵਾਬ ਸੈਫ਼ ਖ਼ਾਨ ਦੇ ਪ੍ਰੇਮ ਅਧੀਨ ਗੁਰੂ ਸਾਹਿਬ ਸੈਫ਼ਾਬਾਦ ਪਹੁੰਚੇ ਜਿੱਥੇ ਨਵਾਬ ਸੈਫ਼ ਖ਼ਾਨ ਨੇ ਪਿਆਰ ਅਤੇ ਸਤਿਕਾਰ ਸਹਿਤ ਲਗ-ਪਗ ਦੋ ਹਫਤੇ ਗੁਰੂ ਸਾਹਿਬ ਨੂੰ ਆਪਣੇ ਪਾਸ ਰੱਖਿਆ।

81. ਸਥਾਨਕ ਰਵਾਇਤ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਸੈਫ਼ਾਬਾਦ ਕਿੰਨੇ ਵਾਰ ਆਏ?

- ਤਿੰਨ ਵਾਰ- ਪਹਿਲੀ ਵਾਰ 1664 ਈ. ਵਿਚ, ਦੂਜੀ ਵਾਰ 1670 ਈ. ਵਿਚਅਤੇ ਤੀਜੀ ਵਾਰ 1675 ਈ. ਵਿਚ।

82. ਨਵਾਬ ਸੈਫ਼ ਖ਼ਾਨ ਦਾ ਔਰੰਗਜ਼ੇਬ ਨਾਲ ਕੀ ਰਿਸ਼ਤਾ ਸੀ?

- ਨਵਾਬ ਸੈਫ਼ ਖ਼ਾਨ, ਤਰਬੀਅਤ ਖ਼ਾਨ ਬਖਸ਼ੀ ਦਾ ਪੁੱਤਰ ਅਤੇ ਫਿਦਾਈ ਖ਼ਾਨ ਦਾ ਭਰਾ ਸੀ। ਫਿਦਾਈ ਖ਼ਾਨ ਨੂੰ ਔਰੰਗਜ਼ੇਬ ਨੇ ਆਪਣਾ ਧਰਮ ਭਰਾ ਬਣਾਇਆ ਹੋਇਆ ਸੀ। ਇਸ ਪ੍ਰਕਾਰ ਨਵਾਬ ਸੈਫ਼ ਖ਼ਾਨ ਰਿਸ਼ਤੇ ਵਿਚ ਔਰੰਗਜ਼ੇਬ ਦਾ ਧਰਮ ਭਰਾ ਲੱਗਦਾ ਸੀ।

83. ਨਵਾਬ ਸੈਫ਼ ਖ਼ਾਨ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਕਿਹੜੀਆਂ-ਕਿਹੜੀਆਂ

ਪ੍ਰੇਮ ਭੇਟਾਵਾਂ ਦਿੱਤੀਆਂ?

- ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸਵਾਰੀ ਲਈ ਇਕ ਸੁੰਦਰ ਘੋੜਾ ਅਤੇ ਮਾਤਾ ਨਾਨਕੀ ਜੀ ਲਈ ਰੱਥ, ਲੰਗਰ ਲਈ ਭਾਂਡੇ, ਅਗਲੇਰੇ ਸਫਰਾਂ ਲਈ ਤੰਬੂ ਅਤੇ ਊਠ ਤੋਂ ਇਲਾਵਾ ਬਹੁਤ ਸਾਰੀਆਂ ਕੀਮਤੀ ਸੁਗਾਤਾਂ ਭੇਟਾ ਕੀਤੀਆਂ।

84. ਸੈਫ਼ਾਬਾਦ ਨਗਰ ਦਾ ਮੌਜੂਦਾ ਸਮੇਂ ਵਿਚ ਕੀ ਨਾਮ ਹੈ?

- ਮੌਜੂਦਾ ਸਮੇਂ ਵਿਚ ਇਹ ਨਗਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਮ ’ਤੇ ‘ਬਹਾਦਰਗੜ੍ਹ’ ਵਜੋਂ ਜਾਣਿਆ ਜਾਂਦਾ ਹੈ।

85. ਲਹਿਲ ਪਿੰਡ ਵਿਚ ਜਿਸ ਥਾਂ ’ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਭਾਈ ਭਾਗ ਰਾਮ ਦੀ ਬੇਨਤੀ ਮੰਨ ਕੇ ਪਿੰਡ ਵਾਸੀਆਂ ਦਾ ਨਾਮੁਰਾਦ ਰੋਗ ਦੂਰ ਕੀਤਾ, ਉੱਥੇ ਕਿਹੜਾ ਗੁਰ ਅਸਥਾਨ ਹੈ?

- ਗੁਰਦੁਆਰਾ ਦੂਖ ਨਿਵਾਰਨ ਸਾਹਿਬ (ਮੌਜੂਦਾ ਪਟਿਆਲਾ) ।

86. ਪਟਿਆਲਾ ਸ਼ਹਿਰ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਨਾਲ ਸੰਬੰਧਿਤ ਕਿੰਨੇ ਗੁਰਧਾਮ ਹਨ?

- 2 ਗੁਰਧਾਮ- ਗੁਰਦੁਆਰਾ ਮੋਤੀ ਬਾਗ ਸਾਹਿਬ ਅਤੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ।

87. ਗੜ੍ਹੀ ਨਜ਼ੀਰ (ਜ਼ਿਲ੍ਹਾ ਕੈਥਲ, ਹਰਿਆਣਾ) ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਨਾਲ ਸੰਬੰਧਿਤ ਕਿਹੜਾ ਗੁਰਦੁਆਰਾ ਸਾਹਿਬ ਮੌਜੂਦ ਹੈ?

- ਇਸ ਸਥਾਨ 'ਤੇ ਗੁਰੂ ਸਾਹਿਬ ਇਕ ਪਠਾਣ ਸ਼ਰਧਾਲੂ ਮੁਹੰਮਦ ਬਖਸ਼ ਦੇ ਪਾਸ ਠਹਿਰੇ ਸਨ ਜਿੱਥੇ ਉਨ੍ਹਾਂ ਦੀ ਯਾਦ ਵਿਚ ਗੁਰਦੁਆਰਾ ਸ੍ਰੀ ਗੜ੍ਹੀ ਸਾਹਿਬ ਮੌਜੂਦ ਹੈ ਜੋ ਪੰਜਾਬ ਦੇ ਸ਼ਹਿਰ ਸਮਾਣਾ ਦੇ ਨਜਦੀਕ ਹੈ।

88. ਸਮਾਣਾ ਤੋਂ ਅੱਗੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਿਹੜੇ-ਕਿਹੜੇ ਪਿੰਡਾਂ ਵਿਚ ਚਰਨ ਪਾਏ?

- ਫੱਗੂਵਾਲਾ, ਘਰਾਚੋਂ, ਮੰਗਵਾਲ, ਕਾਂਝਲਾ, ਮੂਲੋਵਾਲ ਆਦਿ ਪਿੰਡਾਂ ਵਿਚ।

89. ਕਾਂਝਲੇ ਪਿੰਡ ਨੂੰ ਗੁਰੂ ਸਾਹਿਬ ਨੇ ਕਿਹੜੀ ਬਿਮਾਰੀ ਤੋਂ ਮੁਕਤ ਕੀਤਾ?

- ਕੋਹੜ ਦੀ ਨਾਮੁਰਾਦ ਬਿਮਾਰੀ ਨਾਲ ਗ੍ਰਸਿਤ ਕਾਂਝਲਾ ਪਿੰਡ ਦੇ ਵਸਨੀਕਾਂ ਦੀ ਸਮਰਪਿਤ ਸੇਵਾ ਭਾਵਨਾ ਵੇਖ ਕੇ ਗੁਰੂ ਸਾਹਿਬ ਨੇ ਬਚਨ ਕੀਤਾ ਕਿ ਇਸ ਪਿੰਡ ਵਿਚ ਅੱਗੇ ਤੋਂ ਕਿਸੇ ਨੂੰ ਵੀ ਕੋਹੜ ਨਹੀਂ ਹੋਵੇਗਾ।

90. ਮੂਲੋਵਾਲ ਪਿੰਡ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਕਿਸ ਪ੍ਰਕਾਰ ਸੰਬੰਧ ਰੱਖਦਾ ਹੈ?

- ਮੂਲੋਵਾਲ ਪਿੰਡ ਵਿਚ ਗੁਰੂ ਸਾਹਿਬ ਨੇ ਪੰਜ ਦਿਨ ਰਿਹਾਇਸ਼ ਰੱਖੀ ਅਤੇ ਇੱਥੇ ਪੀਣ ਦਾ ਪਾਣੀ ਖਾਰਾ ਹੋਣ ਦੀ ਸਮੱਸਿਆ ਨੂੰ ਦੂਰ ਕਰਨ ਲਈ ਮਿੱਠੇ ਪਾਣੀ

ਦਾ ਖੂਹ ਲਗਵਾਇਆ। ਇਸ ਸਥਾਨ ’ਤੇ ਗੁਰੂ ਸਾਹਿਬ ਨੇ ਇਸ ਪਿੰਡ ਦੇ ਮੁਖੀ ਚੌਧਰੀ ਗੋਂਦਾ ਨੂੰ ‘ਭਾਈ’ ਦੀ ਪਦਵੀ ਨਾਲ ਨਿਵਾਜ਼ਿਆ ਅਤੇ ਇਕ ਗਰੀਬ ਸਿੱਖ ਭਾਈ ਨਾਨੂ ਨੂੰ ਮੰਜੀ ਦੀ ਬਖਸ਼ਿਸ਼ ਕੀਤੀ।

91. ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਹੰਕਾਰ ਭਰੇ ਬੋਲ ਬੋਲਣ ਵਾਲੇ ਅਤੇ ਬਾਅਦ ਵਿਚ ਇਸ ਲਈ ਮੁਆਫ਼ੀ ਮੰਗਣ ਵਾਲੇ ਚੌਧਰੀ ਮਲੂਕੇ/ਚੌਧਰੀ ਤ੍ਰਿਲੋਕੇ ਦਾ ਸੰਬੰਧ ਕਿਸ ਪਿੰਡ ਨਾਲ ਸੀ?

- ਸੇਖਾ ਨਾਮਕ ਪਿੰਡ ਨਾਲ।

92. ਚੌਧਰੀ ਮਲੂਕੇ/ਚੌਧਰੀ ਤ੍ਰਿਲੋਕੇ ਦੀ ਭੈਣ ਨੇ ਆਪਣੇ ਭਰਾ ਦੀ ਗਲਤੀ ਦਾ ਕਿਸ ਪ੍ਰਕਾਰ ਪਸ਼ਚਾਤਾਪ ਕੀਤਾ?

- ਚੌਧਰੀ ਮਲੂਕੇ/ਚੌਧਰੀ ਤ੍ਰਿਲੋਕੇ ਦੀ ਭੈਣ ਆਪਣੇ ਸਿਰ ’ਤੇ ਗਰਮ ਦੁੱਧ ਦੀ ਗਾਗਰ ਰੱਖ ਕੇ ਗੁਰੂ ਜੀ ਨੂੰ ਦੁੱਧ ਛਕਾਉਣ ਕੱਟੂ ਪਿੰਡ ਆਈ ਅਤੇ ਗੁਰੂ ਜੀ ਨੇ ਖਿਮਾ ਦੀ ਬਖਸ਼ਿਸ਼ ਕੀਤੀ।

93. ਸੇਖਾ ਨਾਮਕ ਪਿੰਡ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕੀ ਵਰ ਦਿੱਤਾ?

- ਸੇਖਾ ਪਿੰਡ ਦੇ ਵਸਨੀਕ ਬੈਰਾਗੀ ਮੱਤ ਦੇ ਧਾਰਨੀ ਸਨ ਜੋ ਗੁਰੂ ਸਾਹਿਬ ਦੇ ਉਪਦੇਸ਼ ਤੋਂ ਬਾਅਦ ਸਿੱਖ ਬਣ ਗਏ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਵਰ ਦਿੱਤਾ ਕਿ ਉਹ ਜਿੱਥੇ ਵੀ ਜਾ ਕੇ ਵਸਣਗੇ ਉਥੇ ਹੀ ਉਨ੍ਹਾਂ ਦੀ ਸਰਦਾਰੀ ਕਾਇਮ ਰਹੇਗੀ।

94. ਫਰਵਾਹੀ ਪਿੰਡ ਉੱਪਰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕੀ ਬਖਸ਼ਿਸ ਕੀਤੀ?

- ਜਦੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਫਰਵਾਹੀ ਪਿੰਡ ਵਿਚ ਪਹੁੰਚੇ ਤਾਂ ਇੱਥੇ ਹੈਜ਼ੇ ਦੀ ਬੀਮਾਰੀ ਫੈਲੀ ਹੋਈ ਸੀ ਜੋ ਗੁਰੂ ਜੀ ਦੀ ਕਿਰਪਾ ਅਤੇ ਗੁਰੂ ਜੀ ਦੇ ਨਾਲ ਮੌਜੂਦ ਸਿੱਖਾਂ ਦੁਆਰਾ ਕੀਤੀ ਗਈ ਸੇਵਾ ਸਦਕਾ ਠੀਕ ਹੋ ਗਈ।

95. ਧਲੇਉ/ਧਲੇਵਾਂ ਨਾਮਕ ਪਿੰਡ ਵਿਚ ਗੁਰੂ ਜੀ ਨੇ ਕਿਸ ਦਾ ਕਲਿਆਣ ਕੀਤਾ?

- ਤੁਲਸੀ ਦਾਸ ਨਾਮਕ ਇਕ ਬਜ਼ੁਰਗ ਜੋਗੀ ਦਾ ਜੋ ਛੇਵੇਂ ਗੁਰੂ ਸਾਹਿਬ ਦੇ ਸਮੇਂ ਤੋਂ ਹੀ ਗੁਰੂ ਸਾਹਿਬ ਦੇ ਦਰਸ਼ਨਾਂ ਦੇ ਇੰਤਜ਼ਾਰ ਵਿਚ ਬੈਠਾ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇਸ ਪਿੰਡ ਵਿਚ ਪਹੁੰਚ ਕੇ ਉਸ ਜੋਗੀ ਦੀ ਇੱਛਾ ਨੂੰ ਪੂਰਾ ਕੀਤਾ ਅਤੇ ਉਸ ਨੂੰ ਗੁਰਮਤਿ ਦਾ ਮਾਰਗ ਦਿਖਾਇਆ। ਇਸ ਸਥਾਨ ’ਤੇ ‘ਗੁਰਦੁਆਰਾ ਮੰਜੀ ਸਾਹਿਬ, ਪਾਤਸ਼ਾਹੀ ਨੌਵੀਂ’ ਮੌਜੂਦ ਹੈ।

96. ਹੰਡਿਆਇਆ ਨਾਮਕ ਨਗਰ ਵਿਚੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਲੋਕਾਂ ਨੂੰ ਕਿਸ ਬੀਮਾਰੀ ਤੋਂ ਰਾਹਤ ਦਿਵਾਈ?

- ਤਪਾਲੀ ਨਾਮਕ ਇਕ ਵਿਸ਼ੇਸ਼ ਕਿਸਮ ਦੀ ਗਲ ਘੋਟੂ ਬਿਮਾਰੀ ਤੋਂ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਗੁਰੂ ਸਾਹਿਬ ਨੇ ਤਾਪ ਨਾਲ ਦੁਖੀ ਹੋਏ ਇਕ ਰੋਗੀ ਨੂੰ ਟੋਭੇ ਵਿਚ ਇਸ਼ਨਾਨ ਕਰਵਾ ਕੇ ਅਰੋਗ ਕੀਤਾ ਜਿਸ ਦਾ ਨਾਮ ਹੁਣ ਗੁਰੂਸਰ ਸਰੋਵਰ ਹੈ।

97. ਹੰਡਿਆਇਆ ਪਿੰਡ ਤੋਂ ਧੌਲਾ (ਧਉਲਾ) ਨਾਮਕ ਪਿੰਡ ਵਿਚ ਪ੍ਰਵੇਸ਼ ਕਰਨ ਸਮੇਂ

ਗੁਰੂ ਸਾਹਿਬ ਦਾ ਘੋੜਾ ਅੱਗੇ ਜਾਣ ਤੋਂ ਅੜੀ ਕਿਉਂ ਕਰ ਬੈਠਾ ਸੀ?

- ਘੋੜੇ ਦੇ ਅੱਗੇ ਵਧਣ ਤੋਂ ਅੜੀ ਕਰਨ ਦਾ ਕਾਰਨ ਧੌਲਾ ਪਿੰਡ ਦੇ ਖੇਤ ਵਿਚ ਬੀਜਿਆ ਹੋਇਆ ਤੰਬਾਕੂ ਸੀ।

98. ਅੱਜ ਕੱਲ੍ਹ ਇਸ ਥਾਂ ’ਤੇ ਕਿਹੜਾ ਗੁਰਦੁਆਰਾ ਸਾਹਿਬ ਮੌਜੂਦ ਹੈ?

- ਗੁਰਦੁਆਰਾ ਅੜੀਸਰ ਸਾਹਿਬ। ਇਹ ਗੁਰਦੁਆਰਾ ਹੰਡਿਆਇਆ ਅਤੇ ਧੌਲਾ ਪਿੰਡ ਦੀ ਸੀਮਾ ’ਤੇ ਬਣਿਆ ਹੋਇਆ ਹੈ। ਗੁਰੂ ਸਾਹਿਬ ਦੇ ਘੋੜੇ ਦੁਆਰਾ ਧੌਲੇ ਪਿੰਡ ਵਿਚ ਪ੍ਰਵੇਸ਼ ਨਾ ਕਰਨ ਕਾਰਨ ਗੁਰਦੁਆਰਾ ਸਾਹਿਬ ਵਿਚ ਮੌਜੂਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਅਸਥਾਨ ਹੰਡਿਆਇਆ ਪਿੰਡ ਵਿਚ ਹੈ ਅਤੇ ਪਾਠ ਕਰਨ ਵਾਲਾ ਗ੍ਰੰਥੀ ਸਿੰਘ ਧੌਲਾ ਪਿੰਡ ਦੀ ਜ਼ਮੀਨ ਵਿਚ ਬੈਠਦਾ ਹੈ।

99. ਸੋਹੀਵਾਲ ਪਿੰਡ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਦੀ ਕਿਹੜੀ ਨਿਸ਼ਾਨੀ ਮੌਜੂਦ ਹੈ?

- ਇਸ ਪਿੰਡ ਵਿਚ ਗੁਰੂ ਸਾਹਿਬ ਨੇ ਜਿਨ੍ਹਾਂ ਕਰੀਰਾਂ ਅਤੇ ਜੰਡਾਂ ਨਾਲ ਘੋੜੇ ਬੰਨ੍ਹੇ ਸਨ, ਉਹ ਹੁਣ ਵੀ ਮੌਜੂਦ ਹਨ ਅਤੇ ਹਰੇ ਭਰੇ ਹਨ।

100. ਕਿਸ ਸ਼ਰਧਾਲੂ ਦੀ ਬੇਨਤੀ ਮੰਨ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਢਿਲਵਾਂ ਪਿੰਡ ਵਿਚ ਆਪਣੇ ਪਵਿੱਤਰ ਚਰਨ ਪਾਏ?

- ਮਧੋ ਨਾਮਕ ਸ਼ਰਧਾਲੂ ਦੀ ਬੇਨਤੀ ਮੰਨ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ

ਢਿਲਵਾਂ ਪਿੰਡ ਵਿਚ ਆਪਣੇ ਪਵਿੱਤਰ ਚਰਨ ਪਾਏ। ਇਸ ਪਿੰਡ ਵਿਚ ਗੁਰੂ ਸਾਹਿਬ ਦੀ ਯਾਦ ਵਿਚ ਗੁਰਦੁਆਰਾ ਪਾਤਸ਼ਾਹੀ ਨੌਂਵੀਂ, ਢਿਲਵਾਂ ਮੌਜੂਦ ਹੈ।

101. ਭੂਪਾਲ ਪਿੰਡ ਦੇ ਨਿਵਾਸੀਆਂ ਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸੇਵਾ ਨਾ ਕਰਨ ਦਾ ਕੀ ਕਾਰਨ ਸੀ?

- ਭੂਪਾਲ ਪਿੰਡ ਦੇ ਨਿਵਾਸੀ ਬ੍ਰਾਹਮਣਵਾਦ ਦੇ ਜਾਲ ਵਿਚ ਫਸੇ ਹੋਏ ਸਨ ਜਿਨ੍ਹਾਂ ਨੇ ਬ੍ਰਾਹਮਣਾਂ ਦੇ ਕਹਿਣ ’ਤੇ ਗੁਰੂ ਸਾਹਿਬ ਪ੍ਰਤੀ ਕੋਈ ਸੇਵਾ-ਭਾਵਨਾ ਨਾ ਦਿਖਾਈ। ਬੀਰਨ ਨਾਮਕ ਇਸ ਪਿੰਡ ਦਾ ਨਿਵਾਸੀ, ਜੋ ਗੁਰੂ ਸਾਹਿਬ ਨੂੰ ਦੁਬਾਰਾ ਪਿੰਡ ਵਿਚ ਆਉਣ ਲਈ ਬੇਨਤੀ ਕਰਨ ਗਿਆ ਸੀ, ਉਸ ਨੂੰ ਗੁਰੂ ਸਾਹਿਬ ਨੇ ਵਧਣ-ਫੁੱਲਣ ਦਾ ਅਸ਼ੀਰਵਾਦ ਦਿੱਤਾ।

102. ਭੀਖੀ ਨਾਮਕ ਨਗਰ ਦਾ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਕੀ ਇਤਿਹਾਸਕ ਸੰਬੰਧ ਹੈ?

- ਭੀਖੀ ਨਗਰ ਵਿਚ ਸੁਲਤਾਨ ਸਖੀ ਸਰਵਰ ਦੇ ਉਪਾਸਕ ਚੌਧਰੀ ਦੇਸ ਰਾਜ (ਦੇਸੂ) ਚਹਿਲ ਨੇ ਇਸੇ ਸਥਾਨ ’ਤੇ ਗੁਰੂ ਸਾਹਿਬ ਦਾ ਉਪਦੇਸ਼ ਸੁਣ ਕੇ ਸਿੱਖੀ ਧਾਰਨ ਕੀਤੀ ਅਤੇ ਗੁਰੂ ਸਾਹਿਬ ਨੇ ਉਸ ਨੂੰ ਪੰਜ ਤੀਰ ਬਖਸ਼ਿਸ਼ ਕੀਤੇ। ਬਾਅਦ ਵਿਚ ਚੌਧਰੀ ਦੇਸੂ ਨੇ ਆਪਣੀ ਪਤਨੀ ਦੇ ਕਹਿਣ ’ਤੇ ਉਹ ਪੰਜ ਤੀਰ ਭੰਨ ਕੇ ਚੁੱਲ੍ਹੇ ਵਿਚ ਸਿੱਟ ਦਿੱਤੇ ਜਿਸ ਕਾਰਨ ਉਸ ਦਾ ਚੌਧਰਪੁਣਾ ਖਤਮ ਹੋ ਗਿਆ ਅਤੇ ਉਸ ਦੀ ਵੰਸ ਵੀ ਅੱਗੇ ਨਾ ਵਧੀ।

103. ਸਮਾਉਂ ਪਿੰਡ ਦੇ ਜ਼ਿਮੀਦਾਰ ਨੂੰ ਨੌਂਵੇਂ ਪਾਤਸ਼ਾਹ ਨੇ ਕੀ ਅਸ਼ੀਰਵਾਦ ਦਿੱਤਾ?

- ਇਸ ਪਿੰਡ ਦੇ ਮਾਨਕੀ (ਜੀਵਣਾ ਚਹਿਲ) ਨਾਮਕ ਜ਼ਿਮੀਦਾਰ ਦੀ ਪ੍ਰਸ਼ਾਦੇ ਅਤੇ ਲੱਸੀ ਦੀ ਸੇਵਾ ਤੋਂ ਖੁਸ਼ ਹੋ ਕੇ ਗੁਰੂ ਸਾਹਿਬ ਨੇ ਉਸ ਜ਼ਿਮੀਦਾਰ ਦੇ ਘਰ ਦੁੱਧ ਦੀ ਭਰਮਾਰ ਹੋਣ ਦਾ ਅਸ਼ੀਰਵਾਦ ਦਿੱਤਾ।

104. ਕਾਬੁਲ ਅਤੇ ਪਿਸ਼ਾਵਰ ਤੋਂ ਆ ਰਹੀ ਸਿੱਖ ਸੰਗਤ ਨੇ ਸ੍ਰੀ ਗੁਰੂ ਤੇਗ ਬਹਾਦਰ ਦੇ ਕਿਸ ਸਥਾਨ ’ਤੇ ਦਰਸ਼ਨ ਕੀਤੇ?

- ਸਮਾਉਂ (ਸਮਾਂਅ) ਨਾਮਕ ਪਿੰਡ ਵਿਚ ਜਿਥੇ ਗੁਰਦੁਆਰਾ ਸ੍ਰੀ ਸਾਧਸੰਗਤ ਸਾਹਿਬ, ਸਮਾਉਂ ਸੁਭਾਇਮਾਨ ਹੈ।

105. ਗੰਢੂਆਂ ਪਿੰਡ ਦੇ ਭਾਈ ਮੁਗਲੂ ਦੀ ਗੁਰੂ ਸਾਹਿਬ ਨੇ ਕਿਹੜੀ ਇੱਛਾ ਦੀ ਪੂਰਤੀ ਕੀਤੀ?

- ਮਹਿਰਾਜ ਦੇ ਯੁੱਧ ਵਿਚ ਵੀਰਤਾ ਦਿਖਾਉਣ ਵਾਲੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਿੱਖ ਭਾਈ ਮੁਗਲੂ ਨੇ ਗੁਰੂ ਸਾਹਿਬ ਕੋਲ ਇੱਛਾ ਪ੍ਰਗਟ ਕੀਤੀ ਸੀ ਕਿ ਉਸ ਦੇ ਆਖਰੀ ਸਾਹਾਂ ਸਮੇਂ ਗੁਰੂ ਸਾਹਿਬ ਉਸ ਦੇ ਪਾਸ ਹੋਣ। ਗੁਰੂ ਸਾਹਿਬ ਨੇ ਉਸ ਨੂੰ ਬਚਨ ਕੀਤਾ ਸੀ ਕਿ ਉਹ ਨੌਂਵੇਂ ਜਾਮੇਂ ਵਿਚ ਉਸ ਦੀ ਇੱਛਾ ਪੂਰੀ ਕਰਨਗੇ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਭਾਈ ਮੁਗਲੂ ਦੇ ਅੰਤਿਮ ਸਮੇਂ ’ਤੇ ਉਸ ਪਾਸ ਪਹੁੰਚ ਕੇ ਉਸ ਦੀ ਇਹ ਇੱਛਾ ਪੂਰੀ ਕੀਤੀ।

106. ਖਿਆਲਾ ਕਲਾਂ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਨਾਲ ਸੰਬੰਧਿਤ ਕਿੰਨੇ ਗੁਰਦੁਆਰੇ ਹਨ?

- ਤਿੰਨ ਗੁਰਦੁਆਰਾ ਸਾਹਿਬਾਨ- ਗੁਰਦੁਆਰਾ ਸ੍ਰੀ ਗੁਰੂਸਰ ਸਾਹਿਬ (ਗੁਰਦੁਆਰਾ ਮਹੰਤਾਂ ਵਾਲਾ), ਗੁਰਦੁਆਰਾ ਤੀਰਸਰ ਸਾਹਿਬ ਅਤੇ ਗੁਰਦੁਆਰਾ ਬੇਰੀ ਸਾਹਿਬ।

107. ਖਿਆਲਾ ਕਲਾਂ ਵਿਚ ਗੁਰੂ ਸਾਹਿਬ ਨਾਲ ਸੰਬੰਧਿਤ ਕਿਹੜੀਆਂ ਨਿਸ਼ਾਨੀਆਂ ਮੌਜੂਦ ਹਨ?

- ਇਸ ਪਿੰਡ ਵਿਚ ਪੰਡਤ ਗੁੱਜਰ ਰਾਮ ਦੀ ਵੰਸ਼ ਵਿਚੋਂ ਗਿਆਨੀ ਰਾਮ ਸਿੰਘ ਦੇ ਘਰ ਕਾਂਸੇ ਦੀ ਧਾਤੂ ਦਾ ਬਣਿਆ ਹੋਇਆ ਇਕ ਛੰਨਾ (ਇਕ ਭਾਂਡਾ) ਸੁਰੱਖਿਅਤ ਰੱਖਿਆ ਹੋਇਆ ਹੈ। ਇਸ ਛੰਨੇ ਬਾਰੇ ਰਵਾਇਤ ਹੈ ਕਿ ਪੰਡਤ ਗੁੱਜਰ ਰਾਮ ਨੇ ਇਸ ਛੰਨੇ ਵਿਚ ਗੁਰੂ ਜੀ ਨੂੰ ਦੁੱਧ ਛਕਾਇਆ ਸੀ। ਖਿਆਲਾ ਕਲਾਂ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੁਆਰਾ ਤਿਆਰ ਕਰਵਾਏ ਗਏ ਦੋ ਖੂਹ ਅਤੇ ਉਨ੍ਹਾਂ ਦਾ ਇਕ ਤੀਰ ਵੀ ਮੌਜੂਦ ਹੈ। ਜਿਸ ਬੇਰੀ ਦੇ ਰੁੱਖ ਦੇ ਹੇਠਾਂ ਗੁਰੂ ਸਾਹਿਬ ਆ ਕੇ ਬੈਠੇ ਸਨ, ਉਹ ਬੇਰੀ ਗੁਰਦੁਆਰਾ ਬੇਰੀ ਸਾਹਿਬ ਵਿਚ ਸੁਰੱਖਿਅਤ ਹੈ।

108. ਮੌੜ ਨਾਮਕ ਨਗਰ ਵਿਚ ਗੁਰੂ ਸਾਹਿਬ ਨੇ ਲੋਕਾਂ ਨੂੰ ਕਿਸ ਡਰ ਤੋਂ ਮੁਕਤ ਕੀਤਾ?

- ਇਸ ਥਾਂ ’ਤੇ ਗੁਰੂ ਸਾਹਿਬ ਨੇ ਕਾਣੇ ਦਿਓ ਦਾ ਨਿਵਾਸ ਮੰਨੇ ਜਾਣ ਵਾਲੇ ਜੰਡ ਦੇ ਰੁੱਖ ਦੇ ਹੇਠਾਂ ਆ ਕੇ ਠਹਿਰੇ ਅਤੇ ਲੋਕਾਂ ਨੂੰ ਉਸ ਕਾਣੇ ਦਿਓ ਦੇ ਡਰ ਤੋਂ ਮੁਕਤ ਕੀਤਾ ਜਿਨ੍ਹਾਂ ਦੇ ਡਰ ਕਾਰਨ ਉਹ ਸੂਰਜ ਛਿਪਣ ਤੋਂ ਬਾਅਦ ਪਿੰਡ ਤੋਂ ਬਾਹਰ ਨਹੀਂ ਨਿਕਲਦੇ ਸਨ।

109. ਮੌੜ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਕਿੰਨੇ ਗੁਰਦੁਆਰਾ ਸਾਹਿਬਾਨ ਹਨ?

- ਦੋ ਗੁਰਦੁਆਰਾ ਸਾਹਿਬਾਨ- ਗੁਰਦੁਆਰਾ ਸਾਹਿਬ ਮੌੜ ਕਲਾਂ, ਪਾਤਸ਼ਾਹੀ ਨੌਂਵੀਂ ਅਤੇ ਗੁਰਦੁਆਰਾ ਟਾਹਲਾ ਸਾਹਿਬ (ਮੂਲ ਰੂਪ ਵਿਚ ਇਹ ਸਥਾਨ 'ਰਾਜਗੜ੍ਹ ਕੁੱਬੇ' ਨਾਮਕ ਪਿੰਡ ਦਾ ਹਿੱਸਾ ਸੀ ਜੋ ਮੌੜ ਮੰਡੀ ਸ਼ਹਿਰ ਦੇ ਖੇਤਰੀ ਵਿਸਥਾਰ ਤੋਂ ਬਾਅਦ ਇਸ ਸ਼ਹਿਰ ਵਿਚ ਹੀ ਸ਼ਾਮਿਲ ਹੋ ਗਿਆ।)

110. ਭੱਟ ਵਹੀਆਂ ਅਨੁਸਾਰ ਗੁਰੂ ਸਾਹਿਬ ਦੀ ਪਹਿਲੀ ਗ੍ਰਿਫ਼ਤਾਰੀ ਕਦੋਂ 'ਤੇ ਕਿਸ ਸਥਾਨ ਤੋਂ ਹੋਈ?

- ਗੁਰੂ ਸਾਹਿਬ ਦੀ ਪਹਿਲੀ ਗ੍ਰਿਫ਼ਤਾਰੀ ਹਰਿਆਣਾ ਰਾਜ ਦੇ ਧਮਤਾਨ ਸਾਹਿਬ ਨਾਮਕ ਨਗਰ ਤੋਂ ਕੱਤਕ ਸੁਦੀ 11, ਸੰਮਤ 1722 ਬਿਕਰਮੀ (8 ਨਵੰਬਰ, 1665 ਈ.) ਨੂੰ ਦੀਵਾਲੀ ਤੋਂ ਕੁਝ ਦਿਨਾਂ ਬਾਅਦ ਹੋਈ।

111. ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਕਿਸ ਦੁਆਰਾ ਗ੍ਰਿਫ਼ਤਾਰ ਕੀਤਾ ਗਿਆ?

- ਔਰੰਗਜ਼ੇਬ ਦੇ ਹੁਕਮ ਰਾਹੀਂ ਆਲਮ ਖਾਂ ਰੁਹੇਲਾ ਦੁਆਰਾ।

112. ਇਸ ਸਮੇਂ ਹੋਰ ਕਿਹੜੇ-ਕਿਹੜੇ ਸਿੱਖ ਗ੍ਰਿਫ਼ਤਾਰ ਕੀਤੇ ਗਏ?

- ਗੁਰੂ ਸਾਹਿਬ ਨਾਲ ਗ੍ਰਿਫ਼ਤਾਰ ਕੀਤੇ ਗਏ ਸਿੱਖਾਂ ਵਿਚ ਭਾਈ ਸਤੀ ਦਾਸ, ਭਾਈ ਮਤੀ ਦਾਸ, ਭਾਈ ਗੁਆਲ ਦਾਸ, ਭਾਈ ਗੁਰਦਾਸ, ਭਾਈ ਸੰਗਤ,

ਭਾਈ ਜੇਠਾ, ਭਾਈ ਦਿਆਲ ਦਾਸ, ਭਾਈ ਦੱਗੋ ਆਦਿ ਗੁਰਸਿੱਖ ਸ਼ਾਮਲ ਸਨ।

113. ਪਹਿਲੀ ਗ੍ਰਿਫ਼ਤਾਰੀ ਤੋਂ ਬਾਅਦ ਗੁਰੂ ਸਾਹਿਬ ਨੂੰ ਕਿਸ ਥਾਂ 'ਤੇ ਰੱਖਿਆ ਗਿਆ?

- ਪਹਿਲੀ ਗ੍ਰਿਫ਼ਤਾਰੀ ਤੋਂ ਬਾਅਦ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਔਰੰਗਜ਼ੇਬ ਦੇ ਹੁਕਮ ਦੁਆਰਾ ਰਾਜਾ ਜੈ ਸਿੰਘ ਦੀ ਨਜ਼ਰਬੰਦੀ ਹੇਠ ਦਿੱਲੀ ਵਿਚ ਰੱਖਿਆ ਗਿਆ।

114. ਪਹਿਲੀ ਗ੍ਰਿਫ਼ਤਾਰੀ ਤੋਂ ਬਾਅਦ ਗੁਰੂ ਸਾਹਿਬ ਦੀ ਰਿਹਾਈ ਕਦੋਂ ਹੋਈ?

- 02 ਮਹੀਨੇ, 03 ਦਿਨ ਦੀ ਨਜ਼ਰਬੰਦੀ ਤੋਂ ਬਾਅਦ ਪੋਹ ਮਹੀਨੇ ਦੀ ਏਕਮ, ਸੰਮਤ 1722 ਬਿਕਰਮੀ (ਜਨਵਰੀ 1666 ਈ.*) ਨੂੰ ਗੁਰੂ ਸਾਹਿਬ ਰਿਹਾਅ ਕਰ ਦਿੱਤੇ ਗਏ।

115. ਧਮਤਾਨ ਸਾਹਿਬ ਨਗਰ ਵਿਚ ਕਿਸ ਗੁਰਸਿੱਖ ਦੀ ਸੇਵਾ ਤੋਂ ਖ਼ੁਸ਼ ਹੋ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਉਸ ਨੂੰ 'ਭਾਈ ਮੀਹਾਂ' ਦਾ ਖਿਤਾਬ ਬਖਸ਼ਿਆ?

---

* ਆਮ ਪ੍ਰਚਲਿਤ ਧਾਰਨਾ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਵੀ ਜਨਵਰੀ 1666 ਈ. ਵਿਚ ਮੰਨ ਲਿਆ ਜਾਂਦਾ ਹੈ ਪਰ ਪ੍ਰਮਾਣਿਕ ਤੱਥਾਂ ਅਨੁਸਾਰ ਉਨ੍ਹਾਂ ਦਾ ਪ੍ਰਕਾਸ਼ ਪੋਹ ਸੁਦੀ 7, ਸੰਮਤ ਬਿਕਰਮੀ 1723 (22 ਦਸੰਬਰ, 1666 ਈ.) ਦਾ ਹੈ।

- ਗੁਰੂ ਸਹਿਬ ਨੇ ਭਾਈ ਰਾਮਦੇਵ ਜੀ (ਸੱਤਵੇਂ ਪਾਤਸ਼ਾਹ ਦੇ ਸਮੇਂ ਦੇ ਸਿੱਖ) ਦੀ ਜਲ ਛਿੜਕਣ ਵਾਲੀ ਸੇਵਾ ਤੋਂ ਖੁਸ਼ ਹੋ ਕੇ ਉਨ੍ਹਾਂ ਨੂੰ 'ਭਾਈ ਮੀਹਾਂ' ਦਾ ਖਿਤਾਬ ਬਖਸ਼ਿਆ। ਇਨ੍ਹਾਂ ਤੋਂ ਸਿੱਖ ਧਰਮ ਵਿਚ 'ਮੀਹਾਂਸ਼ਾਹੀ' ਬਖਸ਼ਿਸ਼ ਦੀ ਸ਼ੁਰੂਆਤ ਹੋਈ। ਬਾਅਦ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮੀਹਾਂ ਨੂੰ 'ਸਾਹਿਬ' ਦੀ ਪਦਵੀ ਨਾਲ ਨਿਵਾਜ਼ ਕੇ 'ਭਾਈ ਮੀਹਾਂ ਸਾਹਿਬ' ਦੇ ਰੂਪ ਵਿਚ ਸਤਿਕਾਰ ਪ੍ਰਦਾਨ ਕੀਤਾ ਅਤੇ ਕਾਬੁਲ-ਕੰਧਾਰ ਵਿਚ ਸਿੱਖ ਧਰਮ ਦੇ ਪ੍ਰਚਾਰ ਲਈ ਭੇਜਿਆ।

116. ਭਾਈ ਮੀਹਾਂ ਜੀ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਿਹੜੀਆਂ-ਕਿਹੜੀਆਂ ਵਸਤੂਆਂ ਦੀ ਬਖਸ਼ਿਸ਼ ਕੀਤੀ?

- ਇਕ ਨਗਾਰਾ, ਇਕ ਨਿਸ਼ਾਨ ਸਾਹਿਬ ਅਤੇ ਇਕ ਦੱਖਣੀ ਬੈਲ।

117. ਮੁਗ਼ਲ ਰਾਜ ਦੇ ਖਾਤਮੇ ਦਾ ਭਵਿੱਖਤ ਬਚਨ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਿਹੜੇ ਪਿੰਡ ਵਿਚ ਕੀਤਾ?

- ਖਰਕ ਭੂਰਾ ਪਿੰਡ ਵਿਚ (ਮੌਜੂਦਾ ਜ਼ਿਲ੍ਹਾ ਜੀਂਦ, ਹਰਿਆਣਾ)

118. ਖਟਕੜ ਪਿੰਡ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਘੋੜੇ ਚੋਰੀ ਕਰਨ ਆਏ ਚੋਰਾਂ ਦਾ ਕੀ ਹਸ਼ਰ ਹੋਇਆ?

- ਗੁਰੂ ਸਾਹਿਬ ਦੇ ਘੋੜੇ ਚੋਰੀ ਕਰਨ ਆਏ ਚੋਰ ਅੰਨ੍ਹੇ ਹੋ ਗਏ ਜਿਸ ਤੋਂ ਬਾਅਦ ਉਨ੍ਹਾਂ ਨੇ ਗੁਰੂ ਜੀ ਤੋਂ ਆਪਣੀ ਗਲਤੀ ਲਈ ਮੁਆਫੀ ਮੰਗੀ।

119. ਖਟਕੜ ਪਿੰਡ ਦੇ ਵਸਨੀਕਾਂ ’ਤੇ ਗੁਰੂ ਸਾਹਿਬ ਨੇ ਕੀ ਬਖਸ਼ਿਸ਼ ਕੀਤੀ?

- ਖਟਕੜ ਪਿੰਡ ਵਿਚ ਪੀਣ ਦਾ ਪਾਣੀ ਖਾਰਾ ਹੋਣ ਕਾਰਨ ਪਿੰਡ ਵਾਸੀਆਂ ਨੇ ਗੁਰੂ ਸਾਹਿਬ ਨੂੰ ਮਿੱਠੇ ਪਾਣੀ ਦੀ ਕਿਰਪਾ ਕਰਨ ਲਈ ਬੇਨਤੀ ਕੀਤੀ। ਇਸ ਬੇਨਤੀ ਨੂੰ ਪ੍ਰਵਾਨ ਕਰਦੇ ਹੋਏ ਗੁਰੂ ਸਾਹਿਬ ਨੇ ਤੀਰ ਚਲਾ ਕੇ ਬਖਸ਼ਿਸ਼ ਕੀਤੀ ਕਿ ਜਿੱਥੇ ਤੱਕ ਇਹ ਤੀਰ ਗਿਆ ਹੈ, ਉੱਥੇ ਤੱਕ ਦਾ ਪਾਣੀ ਮਿੱਠਾ ਰਹੇਗਾ।

120. ਕੈਥਲ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਦੀ ਯਾਦ ਵਿਚ ਕਿੰਨੇ ਗੁਰਦੁਆਰੇ ਹਨ?

- 2 ਗੁਰਦੁਆਰੇ- ਗੁਰਦੁਆਰਾ ਨਿੰਮ ਸਾਹਿਬ ਅਤੇ ਗੁਰਦੁਆਰਾ ਮੰਜੀ ਸਾਹਿਬ।

121. ਕੈਥਲ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਤੋਂ ਸਿੱਖਾਂ ਦੁਆਰਾ ਸਿੱਖ ਧਰਮ ਦੇ ਪੁਰਬ ਅਤੇ ਤਿਉਹਾਰ ਬਾਰੇ ਪੁੱਛਣ ’ਤੇ ਗੁਰੂ ਸਾਹਿਬ ਨੇ ਕੀ ਜਵਾਬ ਦਿੱਤਾ?

- ਸਿੱਖ ਧਰਮ ਦੇ ਪੁਰਬ ਸੰਬੰਧੀ ਗੁਰੂ ਸਾਹਿਬ ਨੇ ਜਵਾਬ ਦਿੱਤਾ ਕਿ ਜਿਸ ਦਿਨ ਸਾਧ ਸੰਗਤ ਇਕੱਠੀ ਹੋ ਕੇ ਅਕਾਲ ਪੁਰਖ ਦੀ ਗੱਲ ਕਰੇ ਉਸ ਦਿਨ ਸਦੀਵੀ ਗੁਰਪੁਰਬ ਹੈ।

122. ਬਣੀ ਬਦਰਪੁਰ ਨਾਮਕ ਸਥਾਨ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਕਿਸ ਪ੍ਰਕਾਰ ਸੰਬੰਧਿਤ ਹੈ?

- ਗੁਰੂ ਸਾਹਿਬ ਇਸ ਪਿੰਡ ਦੇ ਇਕ ਜ਼ਿਮੀਂਦਾਰ ਨੂੰ ਧਨ ਦਾ ਇਕ ਬਦਰਾ

(ਥੈਲਾ) ਦੇ ਕੇ ਲੋਕ ਭਲਾਈ ਲਈ ਇਕ ਖੂਹ ਅਤੇ ਬਾਗ ਲਗਵਾਉਣ ਦਾ ਹੁਕਮ ਕੀਤਾ।

123. ਬਾਰਨਾ ਨਾਮਕ ਨਗਰ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕੀ ਉਪਦੇਸ਼ ਕੀਤਾ?

- ਬਾਰਨਾ ਵਿਚ ਗੁਰੂ ਸਾਹਿਬ ਨੇ ਇਕ ਕਿਸਾਨ ਨੂੰ ਉਪਦੇਸ਼ ਕੀਤਾ ਕਿ ਤੰਬਾਕੂ ਦੇ ਤਿਆਗ ਨਾਲ ਘਰ ਵਿਚ ਬਰਕਤ ਰਹੇਗੀ ਪ੍ਰੰਤੂ ਤੰਬਾਕੂ ਦੇ ਸੇਵਨ ਨਾਲ ਘਰ ਵਿਚ ਕੰਗਾਲੀ ਆ ਜਾਵੇਗੀ।

124. ਬਹਿਰ ਜੱਛ ਨਾਮਕ ਸਥਾਨ ਦਾ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਕੀ ਸੰਬੰਧ ਹੈ?

- ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇਸ ਸਥਾਨ ’ਤੇ ਭਾਈ ਮੱਲਾ ਨਾਮਕ ਸਿਦਕੀ ਤਰਖਾਣ ਸਿੱਖ ਦੇ ਘਰ ਤਿੰਨ ਦਿਨ ਨਿਵਾਸ ਕੀਤਾ।

125. ਕੁਰੂਕਸ਼ੇਤਰ ਪਹੁੰਚ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਿਸ ਜਗ੍ਹਾ ’ਤੇ ਡੇਰਾ ਕੀਤਾ?

- ਸ਼ੇਖ਼ ਚਿੱਲੀ ਦੇ ਮਕਬਰੇ ਦੇ ਉੱਤਰ ਵੱਲ ਸ਼ਿਵ ਮੰਦਰ ਦੇ ਕੋਲ ਸਰਸਵਤੀ ਨਦੀ ਦੇ ਕੰਢੇ ’ਤੇ। ਇਸ ਸਥਾਨ ’ਤੇ ਗੁਰੂ ਸਾਹਿਬ ਦੀ ਯਾਦ ਵਿਚ ਗੁਰਦੁਆਰਾ ਸਾਹਿਬ, ਪਾਤਸ਼ਾਹੀ ਨੌਵੀਂ (ਝਾਂਸਾ ਰੋਡ, ਕੁਰੂਕਸ਼ੇਤਰ) ਸੁਸ਼ੋਭਿਤ ਹੈ।

126. ਕੜਾ-ਮਾਣਕਪੁਰ ਵਿਖੇ ਗੁਰੂ ਸਾਹਿਬ ਦੇ ਜੀਵਨ ਨਾਲ ਸੰਬੰਧਿਤ ਕਿਹੜੀ ਘਟਨਾ ਵਾਪਰੀ?

- ਕੜਾ-ਮਾਣਕਪੁਰ ਵਿਖੇ ਗੁਰੂ ਸਾਹਿਬ ਨੇ ਮਲੂਕ ਦਾਸ ਨਾਮਕ ਵੈਸ਼ਨੋ ਦਾ ਮਾਸ ਖਾਣ ਜਾਂ ਨਾ ਖਾਣ ਸੰਬੰਧੀ ਭਰਮ ਦੂਰ ਕੀਤਾ।

127. ਮੌਜੂਦਾ ਉੱਤਰ ਪ੍ਰਦੇਸ਼ ਰਾਜ ਦੇ ਕਿੰਨੇ ਸ਼ਹਿਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਪਾਵਨ ਚਰਨ ਛੁਹ ਪ੍ਰਾਪਤ ਹਨ?

- ਲਗ-ਪਗ 16 ਸ਼ਹਿਰ।

128. ਮਥੁਰਾ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਕਿੰਨੇ ਗੁਰਦੁਆਰਾ ਸੁਸ਼ੋਭਿਤ ਹਨ?

- ਦੋ ਗੁਰਦੁਆਰਾ ਸਾਹਿਬ- 1. ਗੁਰਦੁਆਰਾ ਗੁਰੂ ਤੇਗ ਬਹਾਦਰ, ਗਊ ਘਾਟ (ਕੰਸ ਟਿੱਲੇ ਦੇ ਨਜਦੀਕ) 2. ਗੁਰਦੁਆਰਾ ਗੁਰੂ ਤੇਗ ਬਹਾਦਰ ਸ੍ਰੀ ਗੁਰੂ ਸਿੰਘ ਸਭਾ (ਰੇਲਵੇ ਸ਼ਟੇਸ਼ਨ ਤੋਂ ਲਗ-ਪਗ 2 ਕਿ. ਮੀ. ਦੀ ਦੂਰੀ ’ਤੇ)।

129. ਆਗਰਾ ਸ਼ਹਿਰ ਵਿਖੇ ਮਾਈ ਜੱਸੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਕੀ ਭੇਟ ਕੀਤਾ?

- ਮਾਈ ਜੱਸੀ ਨੇ ਬਹੁਤ ਹੀ ਪ੍ਰੇਮ ਅਤੇ ਸਤਿਕਾਰ ਸਹਿਤ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪਹਿਨਣ ਲਈ, ਆਪਣੇ ਹੱਥਾਂ ਨਾਲ ਤਿਆਰ ਕੀਤੇ ਹੋਏ

ਕਪੜੇ ਦਾ ਕੁੜਤਾ ਬਣਾ ਕੇ ਗੁਰੂ ਸਾਹਿਬ ਨੂੰ ਭੇਟ ਕੀਤਾ।

130. ਮਾਈ ਜੱਸੀ ਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਕੁੜਤਾ ਭੇਟ ਕਰਨ ਵਾਲੇ ਸਥਾਨ 'ਤੇ ਕਿਹੜਾ ਗੁਰਦੁਆਰਾ ਮੌਜੂਦ ਹੈ ?

- ਗੁਰਦੁਆਰਾ ਮਾਈ ਥਾਨ।

131. ਪ੍ਰਯਾਗਰਾਜ (ਇਲਾਹਾਬਾਦ) ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਲੋਕਾਂ ਨੂੰ ਕੀ ਉਪਦੇਸ਼ ਕੀਤਾ?

- ਗੁਰੂ ਸਾਹਿਬ ਨੇ ਲੋਕਾਂ ਨੂੰ ਸਮਝਾਇਆ ਕਿ ਸਭ ਤੋਂ ਸ੍ਰੇਸ਼ਟ ਤੀਰਥ 'ਸਾਧ ਸੰਗਤ' ਹੈ। ਪ੍ਰਭੂ ਦਾ ਨਾਮ ਹਿਰਦੇ ਵਿਚ ਪ੍ਰਗਟ ਕਰਨਾ ਹੀ ਸਰਸਵਤੀ ਪ੍ਰਗਟ ਕਰਨਾ ਹੈ ਅਤੇ ਅਕਾਲ ਪੁਰਖ ਨਾਲ ਮਿਲਾਪ ਹੋਣਾ ਹੀ ਅਸਲ ਅਰਥਾਂ ਵਿਚ ਸੰਗਮ ਹੈ।

132. ਸ੍ਰੀ ਗੁਰੂ ਤੇਗ ਬਹਾਦਰ ਜੀ ਪ੍ਰਯਾਗਰਾਜ (ਇਲਾਹਾਬਾਦ) ਵਿਖੇ ਕਿੰਨਾ ਸਮਾਂ ਠਹਿਰੇ?

- ਲਗਭਗ 6 ਮਹੀਨੇ।

133. ਮਹਿਮਾ ਪ੍ਰਕਾਸ਼' ਸ੍ਰੋਤ ਅਨੁਸਾਰ ਕਿਸ ਸਥਾਨ ਦੀ ਸੰਗਤ ਪ੍ਰਯਾਗਰਾਜ (ਇਲਾਹਾਬਾਦ) ਨਿਵਾਸ ਦੌਰਾਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨ ਕਰਨ ਆਈ?

- ਜੌਨਪੁਰ ਦੀ ਸੰਗਤ।

134. ਪ੍ਰਯਾਗਰਾਜ (ਇਲਾਹਾਬਾਦ)ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਕਿਹੜਾ ਗੁਰਦੁਆਰਾ ਸਾਹਿਬ ਹੈ?

- ਗੁਰਦੁਆਰਾ ਪੱਕੀ ਸੰਗਤ (ਮੁਹੱਲਾ ਅਹੀਆਪੁਰ ਵਿਚ)।

135. ਮਿਰਜ਼ਾਪੁਰ ਦੀ ਸੰਗਤ ਦੇ ਨਾਮ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਕਿੰਨੇ ਹੁਕਮਨਾਮੇ ਪ੍ਰਾਪਤ ਹੁੰਦੇ ਹਨ?

- ਇਕ ਹੁਕਮਨਾਮਾ।

136. ਕਿਸ ਸਥਾਨ 'ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਦਸਤਖ਼ਤ ਕੀਤਾ ਹੋਇਆ ਗੁਟਕਾ ਸਾਹਿਬ ਮੌਜੂਦ ਹੈ?

- ਅਹਰੌਰਾ ਨਾਮਕ ਨਗਰ ਵਿਚ।

137. ਵਾਰਾਣਸੀ (ਬਨਾਰਸ) ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਭਾਈ ਗੁਰਬਖਸ਼ ਨੂੰ ਕੀ ਵਰ ਦਿੱਤਾ?

- ਗੁਰੂ ਸਾਹਿਬ ਨੇ ਜੌਨਪੁਰ ਦੇ ਭਾਈ ਗੁਰਬਖਸ਼ ਨੂੰ ਇਕ ਮ੍ਰਿਦੰਗ (ਇਕ ਸੰਗੀਤਕ ਸਾਜ) ਬਖਸ਼ ਕੇ ਉਨ੍ਹਾਂ ਦੀ ਵੰਸ ਤੋਂ ਕਥਾ ਕੀਰਤਨ ਦੇ ਪ੍ਰਵਾਹ ਚਲਣ ਦਾ ਵਰ ਦਿੱਤਾ।

138. ਵਾਰਾਣਸੀ (ਬਨਾਰਸ) ਨਿਵਾਸ ਦੌਰਾਨ ਕਿਹੜੇ-ਕਿਹੜੇ ਪ੍ਰਮੁੱਖ ਸਿੱਖਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸੇਵਾ ਕੀਤੀ?

- ਭਾਈ ਜਵੇਹਰੀ ਮੱਲ, ਭਾਈ ਕਲਿਆਣ ਮੱਲ, ਭਾਈ ਬਾਬੂ ਰਾਇ, ਭਾਈ ਭਿਖਾਰੀ ਆਦਿ ਸਿੱਖਾਂ ਨੇ।

139. ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਵਾਰਾਣਸੀ (ਬਨਾਰਸ) ਵਿਖੇ ਕਿੰਨਾ ਸਮਾਂ ਠਹਿਰੇ?

- 7 ਮਹੀਨੇ, 13 ਦਿਨ।

140. ਸ੍ਰੀ ਗੁਰੂ ਤੇਗ ਬਹਾਦਰ ਜੀ ਦੁਆਰਾ ਵਾਰਾਣਸੀ (ਬਨਾਰਸ) ਦੀ ਸੰਗਤ ਨੂੰ ਭੇਜੇ ਗਏ ਕਿੰਨੇ ਹੁਕਮਨਾਮੇ ਪ੍ਰਾਪਤ ਹੁੰਦੇ ਹਨ?

- 7 ਹੁਕਮਨਾਮੇ।

141. ਕਿਸ ਗੁਰਸਿੱਖ ਦਾ ਵਾਰਾਣਸੀ (ਬਨਾਰਸ) ਵਾਲੇ ਲਗਭਗ ਸਮੂਹ ਹੁਕਮਨਾਮਿਆਂ ਵਿਚ ਜ਼ਿਕਰ ਪ੍ਰਾਪਤ ਹੁੰਦਾ ਹੈ?

- ਭਾਈ ਜਵੇਹਰੀ ਮੱਲ ਜੀ।

142. ਵਾਰਾਣਸੀ (ਬਨਾਰਸ) ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਕਿੰਨੇ ਗੁਰਧਾਮ ਹਨ?

- ਦੋ ਗੁਰਧਾਮ- 1. ਗੁਰਦੁਆਰਾ ਵੱਡੀ ਸੰਗਤ, ਨੀਚੀ ਬਾਗ
  2. ਗੁਰਦੁਆਰਾ ਛੋਟੀ ਸੰਗਤ, ਜਗਤ ਗੰਜ।

143. ਵਾਰਾਣਸੀ (ਬਨਾਰਸ) ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀਆਂ ਕਿਹੜੀਆਂ ਪਾਵਨ ਨਿਸ਼ਾਨੀਆਂ ਮੌਜੂਦ ਹਨ?

- ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦੋ ਨਿੱਜੀ ਚੋਲੇ ਅਤੇ ਪਵਿੱਤਰ ਚਰਨਾਂ ਦਾ ਇਕ ਜੋੜਾ ਜੋ 'ਗੁਰਦੁਆਰਾ ਵੱਡੀ ਸੰਗਤ' ਵਿਖੇ ਸੁਭਾਇਮਾਨ ਹੈ।

144. ਮੌਜੂਦਾ ਬਿਹਾਰ ਅਤੇ ਝਾਰਖੰਡ ਰਾਜ ਦੇ ਕਿੰਨੇ ਨਗਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਪਾਵਨ ਚਰਨ ਛੁਹ ਪ੍ਰਾਪਤ ਹਨ?

- ਬਿਹਾਰ ਰਾਜ- ਲਗ-ਪਗ 9 ਨਗਰ ਅਤੇ ਝਾਰਖੰਡ ਰਾਜ- 1 ਨਗਰ

145. ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਰਧਾਲੂ ਚਾਚਾ ਫੱਗੂ ਮੱਲ ਦਾ ਸੰਬੰਧ ਕਿਸ ਸਥਾਨ ਨਾਲ ਹੈ ਅਤੇ ਮੌਜੂਦਾ ਸਮੇਂ ਵਿਚ ਇਹ ਸਥਾਨ ਕਿੱਥੇ ਹੈ?

- ਸਾਸਾਰਾਮ ਨਾਮਕ ਸਥਾਨ ਨਾਲ। ਮੌਜੂਦਾ ਸਮੇਂ ਇਹ ਸਥਾਨ ਬਿਹਾਰ ਪ੍ਰਾਂਤ ਦੇ ਰੋਹਤਾਸ ਜ਼ਿਲ੍ਹੇ ਵਿਚ ਹੈ।

146. ਚਾਚਾ ਫੱਗੂ ਮੱਲ ਦੀ ਕਿਸ ਇੱਛਾ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਪੂਰਾ ਕੀਤਾ?

- ਚਾਚਾ ਫੱਗੂ ਮੱਲ ਦੀ ਇੱਛਾ ਸੀ ਕਿ ਗੁਰੂ ਸਾਹਿਬ ਆਪਣੇ ਘੋੜੇ ਸਮੇਤ ਉਸ ਦੇ ਘਰ ਵਿਚ ਪ੍ਰਵੇਸ਼ ਕਰਨ। ਗੁਰੂ ਸਾਹਿਬ ਦੇ ਆਉਣ ਦੇ ਇੰਤਜ਼ਾਰ ਅਤੇ ਚਾਅ ਵਿਚ ਆਪਣੇ ਘਰ ਦੇ ਦਰਵਾਜ਼ੇ ਇੰਨੇ ਵੱਡੇ ਬਣਵਾਏ ਸਨ ਜਿਨ੍ਹਾਂ ਵਿਚੋਂ ਘੋੜੇ ਸਮੇਤ ਦਾਖਲ ਹੋਇਆ ਜਾ ਸਕਦਾ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਘੋੜੇ ਸਮੇਤ ਉਨ੍ਹਾਂ ਦੇ ਘਰ ਵਿਚ ਦਾਖ਼ਲ ਹੋ ਕੇ ਇਸ ਇੱਛਾ ਨੂੰ ਪੂਰਾ ਕੀਤਾ।

147. ਸਾਸਾਰਾਮ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਤ ਕਿੰਨੇ ਗੁਰਦੁਆਰਾ ਸਾਹਿਬਾਨ ਹਨ?

- ਤਿੰਨ ਗੁਰਦੁਆਰਾ ਸਾਹਿਬਾਨ- ਗੁਰਦੁਆਰਾ ਚਾਚਾ ਫੱਗੂ ਮੱਲ, ਗੁਰਦੁਆਰਾ ਟਕਸਾਲੀ ਸੰਗਤ ਅਤੇ ਗੁਰਦੁਆਰਾ ਗੁਰੂ ਕਾ ਬਾਗ।

148. ਗਯਾ ਵਿਖੇ ਪੰਡਤਾਂ ਨੇ ਜਦੋਂ ਗੁਰੂ ਸਾਹਿਬ ਨੂੰ ਉਨ੍ਹਾਂ ਦੇ ਪੂਰਵਜਾਂ ਦੇ ਪਿੰਡ ਭਰਨ ਲਈ ਕਿਹਾ ਤਾਂ ਗੁਰੂ ਸਾਹਿਬ ਨੇ ਕੀ ਜਵਾਬ ਦਿੱਤਾ?

- ਗੁਰੂ ਸਾਹਿਬ ਨੇ ਪੰਡਤਾਂ ਨੂੰ ਜਵਾਬ ਦਿੱਤਾ ਕਿ ਉਨ੍ਹਾਂ ਦੇ ਪੂਰਵਜ ਬਾਣੀ ਪੜ੍ਹਨ ਅਤੇ ਸੁਣਨ ਨਾਲ ਮੁਕਤ ਹੋ ਗਏ ਹਨ। ਇਸ ਲਈ ਉਨ੍ਹਾਂ ਦੇ ਪਿੰਡ ਭਰਨ ਦੀ ਜ਼ਰੂਰਤ ਨਹੀਂ।

149. ਗਯਾ ਤੋਂ ਪਟਨਾ ਦੇ ਰਾਹ ਵਿਚ ਪੈਣ ਵਾਲੀ ਕਰਮਨਾਸਾ ਨਦੀ ਸੰਬੰਧੀ ਪਾਏ ਜਾਣ ਵਾਲੇ ਭਰਮ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਿਸ ਪ੍ਰਕਾਰ ਤੋੜਿਆ?

- ਇਸ ਨਦੀ ਸੰਬੰਧੀ ਆਮ ਹਿੰਦੂਆਂ ਦਾ ਖ਼ਿਆਲ ਸੀ ਕਿ ਇਸ ਵਿਚ ਇਸ਼ਨਾਨ

ਕਰਨ ਨਾਲ ਮਨੁੱਖ ਦੇ ਸ਼ੁੱਭ ਕਰਮ ਨਾਸ ਹੋ ਜਾਂਦੇ ਹਨ। ਗੁਰੂ ਸਾਹਿਬ ਨੇ ਇਹ ਭਰਮ ਤੋੜਨ ਲਈ ਆਪ ਨਦੀ ਵਿਚ ਇਸ਼ਨਾਨ ਕੀਤਾ ਅਤੇ ਬਚਨ ਕੀਤਾ ਕਿ ਕਿਸੇ ਨਦੀ ਵਿਚ ਇਸ਼ਨਾਨ ਕਰਨ ਨਾਲ ਨੇਕੀ ਦੇ ਕਰਮ ਨਾਸ ਨਹੀਂ ਹੋ ਸਕਦੇ।

150. ਸ੍ਰੀ ਗੁਰੂ ਤੇਗ ਬਹਾਦਰ ਜੀ ਪਟਨਾ ਸਾਹਿਬ ਕਦੋਂ ਪਹੁੰਚੇ? ਉਸ ਸਮੇਂ ਪਟਨੇ ਦਾ ਹਾਕਮ ਕੌਣ ਸੀ?

- ਮਈ 1666 ਈ. ਨੂੰ, ਹਾਕਮ- ਨਵਾਬ ਰਹੀਮ ਬਖਸ਼।

151. ਪਟਨਾ ਪਹੁੰਚ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣਾ ਸਭ ਤੋਂ ਪਹਿਲਾ ਡੇਰਾ ਕਿੱਥੇ ਲਾਇਆ?

- ਪਟਨਾ ਸ਼ਹਿਰ ਤੋਂ ਬਾਹਰ ਇਕ ਬਾਗ਼ ਵਿਚ ਇਮਲੀ ਦੇ ਰੁੱਖ ਹੇਠਾਂ ਜਿੱਥੇ ਇਸ ਸਮੇਂ ਗੁਰਦੁਆਰਾ ਗੁਰੂ ਕਾ ਬਾਗ਼ ਮੌਜੂਦ ਹੈ। ਗੁਰੂ ਸਾਹਿਬ ਦੇ ਇਸ ਬਾਗ਼ ਵਿਚ ਚਰਨ ਪਾਉਣ ਨਾਲ ਇਹ ਸੁੱਕਾ ਬਾਗ਼ ਹਰਾ-ਭਰਾ ਹੋ ਗਿਆ।

152. ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਪਟਨਾ ਸਾਹਿਬ ਵਿਚ ਸਭ ਤੋਂ ਪਹਿਲਾ ਨਿਵਾਸ ਸ਼ਰਧਾਲੂ ਦੇ ਘਰ ਕੀਤਾ?

- ਸੇਠ ਜੈਤ ਮੱਲ ਜੀ ਦੀ ਹਵੇਲੀ ਵਿਚ, ਜੋ ਗਊਘਾਟ ਮੁਹੱਲੇ ਵਿਚ ਸੀ। ਇਸ ਸਥਾਨ 'ਤੇ ਹੁਣ ਗੁਰਦੁਆਰਾ ਗਊਘਾਟ ਸਾਹਿਬ ਮੌਜੂਦ ਹੈ। ਬਾਅਦ ਵਿਚ ਸਿੱਖ ਸੰਗਤ ਨੇ ਗੁਰੂ ਸਾਹਿਬ ਦੀ ਰਿਹਾਇਸ਼ ਲਈ ਇਕ ਸ਼ਾਨਦਾਰ ਹਵੇਲੀ

(ਮੌਜੂਦਾ ਤਖ਼ਤ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ) ਤਿਆਰ ਕਰਵਾਈ।

153. ਪਟਨਾ ਸ਼ਹਿਰ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਕਿੰਨਾ ਸਮਾਂ ਠਹਿਰੇ?

- ਇਸ ਸਥਾਨ 'ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸੰਮਤ 1723 ਬਿਕਰਮੀ ਦੇ ਹਾੜ (ਜੂਨ-ਜੁਲਾਈ 1666 ਈ.) ਤੋਂ ਅੱਸੂ (ਸਤੰਬਰ-ਅਕਤੂਬਰ 1666 ਈ.) ਤੱਕ ਬਰਸਾਤਾਂ ਦਾ ਚੁਮਾਸਾ (4 ਮਹੀਨੇ ਦਾ ਸਮਾਂ) ਕੱਟਿਆ। ਇਸ ਤੋਂ ਬਾਅਦ ਗੁਰੂ ਸਾਹਿਬ ਸਿੱਖੀ ਪ੍ਰਚਾਰ ਲਈ ਆਸਾਮ ਵੱਲ ਚਲੇ ਗਏ।

154. ਪ੍ਰਚਾਰ ਲਈ ਪਟਨਾ ਤੋਂ ਆਸਾਮ ਵੱਲ ਜਾਂਦੇ ਸਮੇਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੁਆਰਾ ਪਰਿਵਾਰ ਦੀ ਦੇਖਭਾਲ ਦੀ ਜ਼ਿੰਮੇਵਾਰੀ ਕਿਸ ਗੁਰਸਿੱਖ ਨੂੰ ਸੌਂਪੀ ਗਈ?

- ਭਾਈ ਦਿਆਲ ਦਾਸ ਜੀ ਨੂੰ ਜੋ ਭਾਈ ਮਨੀ ਸਿੰਘ ਦੇ ਸਭ ਤੋਂ ਵੱਡੇ ਭਰਾ ਸਨ। ਭਾਈ ਦਿਆਲ ਦਾਸ ਦੇ ਨਾਲ-ਨਾਲ ਭਾਈ ਮੇਹਰ ਚੰਦ ਮਸੰਦ ਤੇ ਭਾਈ ਚੈਨਸੁਖ ਨੂੰ ਵੀ ਪਰਿਵਾਰ ਦੀ ਸੇਵਾ ਸੰਭਾਲ ਦਾ ਕਾਰਜ ਸੌਂਪਿਆ ਗਿਆ।

155. ਪਟਨਾ ਸਾਹਿਬ ਦੀ ਸੰਗਤ ਦੇ ਨਾਮ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਕਿੰਨੇ ਹੁਕਮਨਾਮੇ ਪ੍ਰਾਪਤ ਹੁੰਦੇ ਹਨ?

- ਅੱਠ ਹੁਕਮਨਾਮੇ ਜੋ ਇਸ ਸਮੇਂ ਤਖ਼ਤ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ ਵਿਖੇ ਮੌਜੂਦ ਹਨ।

156. ਕਿਸ ਗੁਰਸਿੱਖ ਦਾ ਜ਼ਿਕਰ ਪਟਨਾ ਸਾਹਿਬ ਵਾਲੇ ਲਗਭਗ ਸਮੂਹ ਹੁਕਮਨਾਮਿਆਂ ਵਿਚ ਪ੍ਰਾਪਤ ਹੁੰਦਾ ਹੈ?

- ਭਾਈ ਦਿਆਲ ਦਾਸ ਜੀ।

157. ਪਟਨਾ ਸਾਹਿਬ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਨਾਲ ਸੰਬੰਧਿਤ ਕਿੰਨੇ ਗੁਰਦੁਆਰੇ ਹਨ?

- ਤਿੰਨ ਗੁਰਦੁਆਰੇ- ਤਖ਼ਤ ਸ੍ਰੀ ਹਰਿਮੰਦਰ ਜੀ, ਗੁਰਦੁਆਰਾ ਗੁਰੂ ਕਾ ਬਾਗ਼ ਅਤੇ ਗੁਰਦੁਆਰਾ ਗਊਘਾਟ।

158. ਪਟਨਾ ਸਾਹਿਬ ਤੋਂ ਢਾਕਾ ਜਾਣ ਸਮੇਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਿਹੜੇ-ਕਿਹੜੇ ਪ੍ਰਮੁੱਖ ਸਥਾਨਾਂ 'ਤੇ ਆਪਣੇ ਪਾਵਨ ਚਰਨ ਪਾਏ?

- ਬਾਢ ਗਾਂਵ, ਮੁੰਗੇਰ, ਭਾਗਲਪੁਰ, ਕੰਤ ਨਗਰ, ਸਾਹਿਬ ਗੰਜ, ਰਾਜਮਹਿਲ, ਮਾਲਦਾ, ਗੋਪਾਲਪੁਰ, ਪਬਨਾ, ਮੁਰਸ਼ਿਦਾਬਾਦ ਆਦਿ ਸਥਾਨਾਂ 'ਤੇ।

159. ਮੌਜੂਦਾ ਸਮੇਂ ਵਿਚ ਕਿਸ ਇਲਾਕੇ ਦੀ ਸਿੱਖ ਵੱਸੋਂ ਸਰਕਾਰੀ ਕਾਗਜ਼ਾਂ ਵਿਚ ਆਪਣੀ ਜਾਤੀ 'ਸੋਢਵੰਸੀ ਖਾਲਸਾ' ਲਿਖਵਾ ਕੇ ਆਪਣੇ ਆਪ ਨੂੰ ਗੁਰੂ ਤੇਗ ਬਹਾਦਰ ਜੀ ਦੇ ਵੰਸ ਨਾਲ ਜੋੜਦੀ ਹੈ?

- ਬਿਹਾਰ ਰਾਜ ਵਿਚ ਜ਼ਿਲ੍ਹਾ ਕਟਿਹਾਰ ਦੇ ਲਗ-ਪਗ 10 ਪਿੰਡਾਂ ਦੀ ਸਿੱਖ ਵਸੋਂ। ਇਸ ਇਲਾਕੇ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ 'ਕੰਤ ਨਗਰ'

ਨਾਮਕ ਇਤਿਹਾਸਕ ਸਥਾਨ ਤੋਂ ਸੰਗਤ ਵੱਲੋਂ ਮਿੱਟੀ ਲਿਆ ਕੇ ‘ਲੱਛਮੀਪੁਰ’ ਨਾਮਕ ਨਗਰ ਵਿਚ ਯਾਦਗਾਰੀ ਗੁਰਦੁਆਰਾ ਸਾਹਿਬ ਸਥਾਪਿਤ ਕੀਤਾ ਗਿਆ ਹੈ।

160. ‘ਕਾੜਾਹ ਗੋਲਾ’ ਨਾਮਕ ਸਥਾਨ ਦੀ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਤ ਕਿਹੜੀ ਰਵਾਇਤ ਹੈ?

- ਸਥਾਨਕ ਰਵਾਇਤ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇਸ ਸਥਾਨ ’ਤੇ ਕੜਾਹਿ ਪ੍ਰਸ਼ਾਦਿ ਦੇ ਖੁੱਲ੍ਹੇ ਗੱਫੇ ਵਰਤਾਏ ਸਨ। ਮੌਜੂਦਾ ਸਮੇਂ ਵਿਚ ਇਹ ਸਥਾਨ ਬਿਹਾਰ ਪ੍ਰਾਂਤ ਦੇ ਕਟਿਹਾਰ ਜ਼ਿਲ੍ਹੇ ਵਿਚ ਹੈ।

161. ਮੁੰਗੇਰ ਵਿਖੇ ਪੜਾਅ ਦੌਰਾਨ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਪਟਨਾ ਸਾਹਿਬ ਭਾਈ ਦਿਆਲ ਦਾਸ ਜੀ ਨੂੰ ਹੁਕਮਨਾਮਾ ਭੇਜ ਕੇ ਕਿਹੜੀਆਂ-ਕਿਹੜੀਆਂ ਵਸਤੂਆਂ ਮੰਗਵਾਈਆਂ?

- ਸਿਰੋਪਾਓ ਲਈ ਕੁਝ ਪਗੜੀਆਂ ਅਤੇ ਅਗਲੇਰੇ ਸਫ਼ਰ ਲਈ ਕੁੱਝ ਤੰਬੂ।

162. ਮੁੰਗੇਰ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਯਾਦ ਵਿਚ ਕਿਹੜਾ ਗੁਰਦੁਆਰਾ ਸਾਹਿਬ ਸੁਭਾਇਮਾਨ ਹੈ?

- ਗੁਰਦੁਆਰਾ ਪੱਕੀ ਸੰਗਤ।

163. ਗੁਰੂ ਸਾਹਿਬ ਦੇ ਮਾਲਦਾ ਨਗਰ ਵਿਚ ਪਹੁੰਚਣ ’ਤੇ ਕਿਹੜੀ ਘਟਨਾ ਵਾਪਰੀ?

- ਜਦੋਂ ਗੁਰੂ ਸਾਹਿਬ ਮਾਲਦਾ ਪਹੁੰਚੇ ਤਾਂ ਉੱਥੇ ਸਿੱਖੀ ਪ੍ਰਚਾਰ ਦਾ ਕੇਂਦਰ (ਧਰਮਸਾਲਾ/ਗੁਰਦਆਰਾ) ਬਿਲਕੁਲ ਖਾਲੀ ਸੀ ਕਿਉਂਕਿ ਉੱਥੋਂ ਦਾ ਧਰਮਸਾਲੀਆ ਅਣਗਿਣਤ ਲੋਕਾਂ ਵਾਂਗ 'ਪੰਡੁਏ ਗ੍ਰਾਮ' ਦਾ ਮੇਲਾ ਵੇਖਣ ਗਿਆ ਹੋਇਆ ਸੀ। ਗੁਰੂ ਜੀ ਨੇ ਇਸ ਉਕਾਈ ਲਈ ਉਸ ਨੂੰ ਤਾੜਨਾ ਕੀਤੀ ਅਤੇ ਅੱਗੇ ਤੋਂ ਸੁਚੇਤ ਰਹਿਣ ਲਈ ਕਿਹਾ।

164. ਸ੍ਰੀ ਗੁਰੂ ਤੇਗ ਬਹਾਦਰ ਜੀ ਕਿਸ ਗੁਰਸਿੱਖ ਦੇ ਸੱਦੇ 'ਤੇ ਢਾਕਾ ਪਹੁੰਚੇ ਸਨ?

- ਢਾਕੇ ਦੇ ਪ੍ਰਚਾਰਕ ਭਾਈ ਬੁਲਾਕੀ ਦਾਸ ਦੇ ਸੱਦੇ 'ਤੇ।

165. ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਢਾਕਾ ਪਹੁੰਚਣ ਸਮੇਂ ਉੱਥੋਂ ਦਾ ਸੂਬੇਦਾਰ ਕੌਣ ਸੀ?

- ਨਵਾਬ ਸਾਇਸਤਾ ਖਾਂ।

166. ਢਾਕੇ ਪਹੁੰਚਣ 'ਤੇ ਗੁਰੂ ਸਾਹਿਬ ਦਾ ਸਿੱਖ ਸੰਗਤਾਂ ਵੱਲੋਂ ਕਿਸ ਪ੍ਰਕਾਰ ਸਵਾਗਤ ਕੀਤਾ ਗਿਆ?

- ਢਾਕਾ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਸਿੱਖੀ ਪ੍ਰਚਾਰ ਦਾ ਇਕ ਪ੍ਰਮੁੱਖ ਕੇਂਦਰ ਰਿਹਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਇੱਥੇ ਪਹੁੰਚਣ 'ਤੇ ਢਾਕੇ ਦੀ ਸਿੱਖ ਸੰਗਤ ਨੇ ਉਨ੍ਹਾਂ ਦਾ ਬਹੁਤ ਨਿੱਘਾ ਸਵਾਗਤ ਕੀਤਾ ਅਤੇ ਭਾਈ ਬੁਲਾਕੀ ਦਾਸ ਜੀ ਵੱਲੋਂ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਸਾਹਿਬ ਦੇ ਠਹਿਰਨ ਲਈ ਬਹੁਤ ਸੁੰਦਰ ਇਮਾਰਤ ਬਣਵਾਈ ਗਈ।

167. ਗੁਰੂ ਸਾਹਿਬ ਨੇ ਢਾਕੇ ਦੀ ਸਿੱਖ ਸੰਗਤ ਦੀ ਸ਼ਰਧਾ ਅਤੇ ਸੇਵਾ ਭਾਵਨਾ ਵੇਖ ਕੇ ਇਸ ਸਥਾਨ ਨੂੰ ਕੀ ਕਹਿ ਕੇ ਵਡਿਆਇਆ?

- ਗੁਰੂ ਸਾਹਿਬ ਨੇ ਢਾਕੇ ਨੂੰ 'ਸਿੱਖੀ ਦਾ ਕੋਠਾ' ਕਹਿ ਕੇ ਵਡਿਆਇਆ।

168. ਭਾਈ ਬੁਲਾਕੀ ਦਾਸ ਅਤੇ ਉਸ ਦੀ ਮਾਤਾ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਕਿਸ ਪ੍ਰਕਾਰ ਸੇਵਾ ਕੀਤੀ?

- ਢਾਕੇ ਵਿਖੇ ਗੁਰੂ ਸਾਹਿਬ ਭਾਈ ਬੁਲਾਕੀ ਦਾਸ ਦੇ ਘਰ ਆ ਕੇ ਠਹਿਰੇ ਸਨ ਜਿਸ ਨੇ ਗੁਰੂ ਸਾਹਿਬ ਲਈ ਇਕ ਕੀਮਤੀ ਪਲੰਘ ਤਿਆਰ ਕਰਵਾਇਆ। ਉਸ ਦੀ ਬ੍ਰਿਧ ਮਾਤਾ ਨੇ ਬੜੀ ਸ਼ਰਧਾ-ਭਾਵਨਾ ਨਾਲ ਗੁਰੂ ਸਾਹਿਬ ਦੀ ਸੇਵਾ ਕੀਤੀ ਅਤੇ ਆਪਣੇ ਹੱਥੀ ਤਿਆਰ ਕੀਤੀ ਹੋਈ ਇਕ ਕੀਮਤੀ ਪੁਸ਼ਾਕ ਗੁਰੂ ਸਾਹਿਬ ਨੂੰ ਪਹਿਨਾਈ।

169. ਭਾਈ ਬੁਲਾਕੀ ਦਾਸ ਦੀ ਮਾਤਾ ਨੇ ਗੁਰੂ ਜੀ ਅੱਗੇ ਕਿਹੜੀ ਇੱਛਾ ਪ੍ਰਗਟ ਕੀਤੀ?

- ਭਾਈ ਬੁਲਾਕੀ ਦਾਸ ਦੀ ਮਾਤਾ ਨੇ ਗੁਰੂ ਸਾਹਿਬ ਅੱਗੇ ਬੇਨਤੀ ਕੀਤੀ ਕਿ ਉਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਤਸਵੀਰ ਬਣਵਾ ਕੇ ਆਪਣੇ ਕੋਲ ਯਾਦਗਾਰ ਵਜੋਂ ਰੱਖਣਾ ਚਾਹੁੰਦੀ ਹੈ। ਗੁਰੂ ਜੀ ਨੇ ਇਸ ਸੰਬੰਧ ਵਿਚ ਭਾਈ ਬੁਲਾਕੀ ਦਾਸ ਦੀ ਮਾਤਾ ਨੂੰ ਕਿਹਾ ਕਿ ਗੁਰੂ ਦਾ ਸ਼ਬਦ ਹੀ ਗੁਰੂ ਦੀ ਅਸਲ ਯਾਦਗਾਰ ਹੈ। ਇਸ ਲਈ ਗੁਰੂ ਦੇ ਸ਼ਬਦ ਨੂੰ ਹੀ ਗੁਰੂ ਦੀ ਯਾਦਗਾਰ ਬਣਾਉਣਾ ਚਾਹੀਦਾ ਹੈ।

170. ਭਾਈ ਬੁਲਾਕੀ ਦਾਸ ਦੀ ਮਾਤਾ ਦੀ ਇੱਛਾ ਨੂੰ ਗੁਰੂ ਜੀ ਨੇ ਕਿਸ ਪ੍ਰਕਾਰ ਪੂਰਾ ਕੀਤਾ?

- ਸਿੱਖ ਰਵਾਇਤ ਅਨੁਸਾਰ ਗੁਰੂ ਜੀ ਨੇ ਅਥਾਹ ਸ਼ਰਧਾ ਨਾਲ ਕੀਤੀ ਇਸ ਬੇਨਤੀ ਨੂੰ ਪ੍ਰਵਾਨ ਕਰਦੇ ਹੋਏ ਸ਼ਾਹੀ ਚਿੱਤਰਕਾਰ ਤੋਂ ਆਪਣੀ ਤਸਵੀਰ ਬਣਵਾਉਣੀ ਪ੍ਰਵਾਨ ਕਰ ਲਈ। ਚਿੱਤਰਕਾਰ ਨੇ ਗੁਰੂ ਸਾਹਿਬ ਦੇ ਬਾਕੀ ਸਰੂਪ ਦਾ ਚਿੱਤਰ ਤਾਂ ਬਣਾ ਦਿੱਤਾ ਪ੍ਰੰਤੂ ਉਹ ਚਿੱਤਰਕਾਰ ਗੁਰੂ ਸਾਹਿਬ ਦੇ ਨੂਰਾਨੀ ਚਿਹਰੇ ਦਾ ਪ੍ਰਭਾਵ ਨਾ ਝੱਲ ਸਕਣ ਕਾਰਨ ਤਸਵੀਰ ਵਿਚ ਗੁਰੂ ਸਾਹਿਬ ਦੇ ਚਿਹਰੇ ਦਾ ਸਹੀ ਸਰੂਪ ਨਾ ਬਣਾ ਸਕਿਆ।

171. ਢਾਕੇ ਵਿਚ ਠਹਿਰਨ ਦੌਰਾਨ ਗੁਰੂ ਸਾਹਿਬ ਨੇ ਕਿਹੜੇ-ਕਿਹੜੇ ਇਲਾਕੇ ਦੀ ਸੰਗਤ ਦੀ ਬੇਨਤੀ ਮੰਨ ਕੇ ਉਨ੍ਹਾਂ ਦੇ ਨਗਰਾਂ ਵਿਚ ਆਪਣੇ ਪਵਿੱਤਰ ਚਰਨ ਪਾਏ?

- ਸਿਲਹਟ, ਚਿਟਾਗਾਂਗ (ਚਟਗਾਓਂ), ਸੋਨਦੀਪ, ਸੀਤਾ ਕੁੰਡ, ਕੋਮੀਲਾ, ਕੋਲਗਾਉਂ, ਬੰਸਖਲੀ ਆਦਿ ਨਗਰ।

172. ਢਾਕੇ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਕਿਹੜਾ ਪਰਿਵਾਰਕ ਸ਼ੁੱਭ ਸਮਾਚਾਰ ਮਿਲਿਆ?

- ਢਾਕੇ ਵਿਖੇ ਪੋਹ ਦੇ ਮਹੀਨੇ ਵਿਚ ਗੁਰੂ ਸਾਹਿਬ ਨੂੰ ਖਬਰ ਮਿਲੀ ਕਿ ਪੋਹ ਸੁਦੀ 7 (22 ਦਸੰਬਰ, 1666 ਈ.) ਨੂੰ ਪਟਨਾ ਸਾਹਿਬ ਵਿਖੇ ਉਨ੍ਹਾਂ ਦੇ ਘਰ ਇਕ ਸੁੰਦਰ ਤੇ ਤੇਜਸਵੀ ਪੁੱਤਰ ਨੇ ਜਨਮ ਲਿਆ ਹੈ।

173. ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਨਵੇਂ ਜਨਮੇ ਪੁੱਤਰ ਦਾ ਨਾਮ ਕੀ ਰੱਖਿਆ?

- ਗੁਰੂ ਸਾਹਿਬ ਨੇ ਨਵੇਂ ਜਨਮੇ ਪੁੱਤਰ ਦਾ ਨਾਮ ਗੋਬਿੰਦ ਦਾਸ* ਰੱਖਿਆ ਜੋ ਬਾਅਦ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਨਾਲ ਸਿੱਖ ਪੰਥ ਦੇ ਦਸਵੇਂ ਗੁਰੂ ਵਜੋਂ ਜਾਣੇ ਗਏ।

174. ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਗ੍ਰਿਹ ਵਿਖੇ, ਸੰਤਾਨ ਰੂਪ ਵਿਚ ਪੁੱਤਰ ਨੇ ਵਿਆਹ ਤੋਂ ਕਿੰਨੇ ਸਮੇਂ ਬਾਅਦ ਜਨਮ ਲਿਆ ਸੀ?

- ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਵਿਆਹ ਤੋਂ ਲੱਗਭਗ 34 ਸਾਲ ਦੇ ਲੰਮੇ ਸਮੇਂ ਤੋਂ ਬਾਅਦ।

175. ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਢਾਕੇ ਵਿਖੇ ਕਿਹੜਾ ਗੁਰਦੁਆਰਾ ਕੀਤਾ ਗਿਆ ਹੈ?

- ਗੁਰਦੁਆਰਾ ਸੰਗਤ ਟੋਲਾ।

176. ਸ੍ਰੀ ਗੁਰੂ ਤੇਗ ਬਹਾਦਰ ਜੀ ਕਿਸ ਰਾਜੇ ਨਾਲ ਆਸਾਮ ਦੀ ਮੁਹਿੰਮ 'ਤੇ ਗਏ?

- ਰਾਜਾ ਰਾਮ ਸਿੰਘ ਨਾਲ, ਜੋ ਗੁਰੂ ਜੀ ਦੇ ਸ਼ਰਧਾਲੂ ਰਾਜਾ ਜੈ ਸਿੰਘ ਅਤੇ ਰਾਣੀ

---

* ਇਹ ਨਾਮ ਸ੍ਰੀ ਗੁਰੂ ਤੇਗ ਬਹਾਦਰ ਜੀ ਦੁਆਰਾ ਪਟਨਾ ਸਾਹਿਬ ਦੀ ਸੰਗਤ ਦੇ ਨਾਮ ਭੇਜੇ ਗਏ ਹੁਕਮਨਾਮਿਆਂ ਵਿਚ ਦਰਜ ਵੇਰਵਿਆਂ ਅਨੁਸਾਰ ਹੈ। ਸਿੱਖ ਰਵਾਇਤ ਵਿਚ ਪ੍ਰਚਲਿਤ ਨਾਮ (ਗੁਰੂ) ਗੋਬਿੰਦ ਰਾਇ ਜੀ ਹੈ।

ਪੁਸ਼ਪਾ ਦੇਵੀ ਦਾ ਪੁੱਤਰ ਸੀ ਅਤੇ ਔਰੰਗਜ਼ੇਬ ਦੇ ਅਧੀਨ ਮਨਸਬਦਾਰ ਸੀ।

177. ਰਾਜਾ ਰਾਮ ਸਿੰਘ ਦੁਆਰਾ ਗੁਰੂ ਸਾਹਿਬ ਨੂੰ ਆਸਾਮ ਦੀ ਮੁਹਿੰਮ 'ਤੇ ਨਾਲ ਜਾਣ ਲਈ ਬੇਨਤੀ ਕਰਨ ਦਾ ਕੀ ਕਾਰਨ ਸੀ?

- ਰਾਜਾ ਰਾਮ ਸਿੰਘ ਨੇ ਗੁਰੂ ਜੀ ਨੂੰ ਆਸਾਮ ਦੀ ਮੁਹਿੰਮ 'ਤੇ ਨਾਲ ਚੱਲਣ ਦੀ ਇਸ ਲਈ ਬੇਨਤੀ ਕੀਤੀ ਕਿਉਂਕਿ ਅਸਾਮ ਜਾਦੂ- ਟੂਣਿਆਂ ਦਾ ਦੇਸ਼ ਹੋਣ ਕਾਰਨ ਰਾਜਾ ਰਾਮ ਸਿੰਘ ਦੀ ਮਾਤਾ ਪੁਸ਼ਪਾ ਦੇਵੀ ਨੇ ਉਸ ਨੂੰ ਅਧਿਆਤਮਕ ਆਸਰੇ ਵਜੋਂ ਗੁਰੂ ਸਾਹਿਬ ਨੂੰ ਆਪਣੇ ਨਾਲ ਲੈ ਕੇ ਜਾਣ ਦੀ ਤਾਕੀਦ ਕੀਤੀ ਸੀ।

178. ਆਸਾਮ ਦੇ ਅਹੋਮ ਕਬੀਲੇ ਦੁਆਰਾ ਗੁਰੂ ਸਾਹਿਬ ਅਤੇ ਰਾਜਾ ਰਾਮ ਸਿੰਘ ਦੀ ਫੌਜ ਵਿਚ ਡਰ ਪੈਦਾ ਕਰਨ ਲਈ ਕਿਹੜੇ ਯਤਨ ਕੀਤੇ ਗਏ?

- ਸਥਾਨਕ ਇਤਿਹਾਸ ਅਨੁਸਾਰ, ਅਹੋਮ ਕਬੀਲੇ ਵੱਲੋਂ ਗੋਵਾਲਪਾਰਾ ਦੀ ਰਹਿਣ ਵਾਲੀ ਨੇਤਾਈ ਧੋਬਨ ਨਾਮ ਦੀ ਜਾਦੂਗਰਨੀ ਦੁਆਰਾ ਗੁਰੂ ਸਾਹਿਬ ਅਤੇ ਰਾਜਾ ਰਾਮ ਸਿੰਘ ਦੀ ਫੌਜ 'ਤੇ ਅਨੇਕ ਢੰਗਾਂ ਦੇ ਭਿਆਨਕ ਜਾਦੂਈ ਹਮਲੇ ਕੀਤੇ ਗਏ ਜੋ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਮੌਜੂਦਗੀ ਕਾਰਨ ਅਸਫਲ ਰਹੇ।

179. ਇਸ ਘਟਨਾ ਵਾਲੇ ਸਥਾਨ ਧੁਬਰੀ 'ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਉੱਪਰ ਕੀਤੇ ਗਏ ਜਾਦੂਈ ਹਮਲੇ ਦੀ ਕਿਹੜੀ ਨਿਸ਼ਾਨੀ ਮੌਜੂਦ ਹੈ?

- ਨੇਤਾਈ ਧੋਬਨ ਜਾਦੂਗਰਨੀ ਦੁਆਰਾ ਆਪਣੇ ਜਾਦੂ ਨਾਲ ਗੁਰੂ ਸਾਹਿਬ ਉੱਪਰ ਸੁੱਟਿਆ ਗਿਆ ਇਕ ਵੱਡ ਆਕਾਰੀ ਭਿਆਨਕ ਪੱਥਰ ਇਸ ਸਥਾਨ ’ਤੇ ਮੌਜੂਦ ਹੈ ਜੋ ਗੁਰੂ ਸਾਹਿਬ ਤੋਂ 100 ਮੀਟਰ ਦੂਰ ਡਿੱਗ ਕੇ ਜ਼ਮੀਨ ਵਿਚ ਧੱਸ ਗਿਆ ਸੀ। ਇਹ ਪੱਥਰ 28 ਫੁੱਟ ਲੰਮਾ ਅਤੇ 3 ਫੁੱਟ ਚੋੜਾ ਹੈ ਜੋ 18 ਫੁੱਟ ਜ਼ਮੀਨ ਦੇ ਅੰਦਰ ਧੱਸਿਆ ਹੋਇਆ ਹੈ। ਜਾਦੂਗਰਨੀ ਦੁਆਰਾ ਆਪਣੇ ਜਾਦੂ ਨਾਲ ਗੁਰੂ ਸਾਹਿਬ ਉੱਪਰ ਸੁੱਟਿਆ ਗਿਆ ਇਕ ਵਡ ਅਕਾਰੀ ਪਿੱਪਲ ਵੀ ਇਸ ਸਥਾਨ ’ਤੇ ਮੌਜੂਦ ਹੈ ਜੋ ਹਵਾ ਵਿਚ ਰੁਕ ਗਿਆ ਸੀ।

180. ਨੇਤਾਈ ਧੋਬਨ ਜਾਦੂਗਰਨੀ ਦੇ ਗੁਰੂ ਸਾਹਿਬ ਉੱਪਰ ਕੀਤੇ ਗਏ ਜਾਦੂ ਦੇ ਅਸਫਲ ਹੋਣ ਦੀ ਪ੍ਰਮਾਣਿਕਤਾ ਕਿੱਥੋਂ ਹੁੰਦੀ ਹੈ?

- ਗੁਰੂ ਸਾਹਿਬ ਉੱਪਰ ਕੀਤੇ ਜਾਦੂ ਦੇ ਅਸਫਲ ਹੋਣ ਦੀ ਗਵਾਹੀ ਕਾਮਾਖਿਆ ਦੇਵੀ ਦੇ ਮੰਦਿਰ ਦੇ ਪੰਡੇ ਦੀ ਲਿਖਤ ਵਿਚੋਂ ਪ੍ਰਾਪਤ ਹੁੰਦੀ ਹੈ।

181. ਆਸਾਮ ਦੀ ਮੁਹਿੰਮ ’ਤੇ ਗੁਰੂ ਸਾਹਿਬ ਦੇ ਨਾਲ ਜਾਣ ਨਾਲ ਇਸ ਮੁਹਿੰਮ ’ਤੇ ਕੀ ਅਸਰ ਪਿਆ?

- ਗੁਰੂ ਸਾਹਿਬ ਉੱਪਰ ਜਾਦੂ ਦਾ ਅਸਰ ਨਾ ਹੁੰਦਾ ਵੇਖ ਕੇ ਅਸਾਮ ਦੇ ਅਹੋਮ ਕਬੀਲੇ ਦਾ ਰਾਜਾ ਚੱਕ੍ਰਧਵਜ ਪ੍ਰਣਪਾਲ ਸਿੰਘ ਆਪਣੇ ਕਬੀਲੇ ਸਮੇਤ ਗੁਰੂ ਸਾਹਿਬ ਦੇ ਚਰਨੀ ਪੈ ਗਿਆ। ਗੁਰੂ ਸਾਹਿਬ ਨੇ ਦੋਵਾਂ ਧਿਰਾਂ ਵਿਚਕਾਰ ਸ਼ਾਂਤੀ ਸਮਝੌਤਾ ਕਰਵਾ ਕੇ ਖ਼ੂਨੀ ਲੜਾਈ ਹੋਣ ਤੋਂ ਬਚਾ ਲਈ।

182. ਆਸਾਮ ਦੇ ਅਹੋਮ ਕਬੀਲੇ ਅਤੇ ਮੁਗ਼ਲ ਫੌਜ ਵਿਚਕਾਰ ਕਰਵਾਏ ਗਏ ਸ਼ਾਂਤੀ ਸਮਝੌਤੇ ਦੀ ਗੁਰੂ ਸਾਹਿਬ ਨੇ ਕਿਹੜੀ ਨਿਸ਼ਾਨੀ ਸਥਾਪਿਤ ਕੀਤੀ?

- ਗੁਰੂ ਸਾਹਿਬ ਨੇ ਦੋਵਾਂ ਰਾਜਿਆਂ ਦੀ ਫੌਜਾਂ ਕੋਲੋਂ ਢਾਲਾਂ ਨਾਲ ਪੰਜ-ਪੰਜ ਢਾਲਾਂ ਮਿੱਟੀ ਦੀਆਂ ਭਰਵਾ ਕੇ ਇਕ ਉੱਚਾ ਥੜ੍ਹਾ ਸਥਾਪਿਤ ਕੀਤਾ ਜਿਸ ਦੀ ਉਚਾਈ 14½ ਫੁੱਟ ਹੈ।

183. ਆਸਾਮ ਵਿਚ ਉਪਰੋਕਤ ਘਟਨਾ ਨਾਲ ਸੰਬੰਧਿਤ ਕਿਹੜਾ ਗੁਰਦੁਆਰਾ ਸਾਹਿਬ ਮੌਜੂਦ ਹੈ?

- ਗੁਰਦੁਆਰਾ ਦਮਦਮਾ ਸਾਹਿਬ, ਧੂਬੜੀ।

184. ਗੁਰਦੁਆਰਾ ਦਮਦਮਾ ਸਾਹਿਬ, ਧੂਬੜੀ ਕਿਸ ਨਦੀ ਦੇ ਕੰਢੇ ’ਤੇ ਸਥਿਤ ਹੈ?

- ਬ੍ਰਹਮਪੁੱਤਰ ਨਦੀ।

185. ਧੂਬੜੀ ਵਿਖੇ ਗੁਰੂ ਸਾਹਿਬ ਦੇ ਦਰਸ਼ਨ ਕਰਨ ਆਏ ਆਸਾਮ ਦੇ ਰਾਜਾ ਰਾਮ ਰਾਇ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕੀ ਅਸ਼ੀਰਵਾਦ ਦਿੱਤਾ?

- ਆਸਾਮ ਦੇ ਰਾਜਾ ਰਾਮ ਰਾਇ ਦੁਆਰਾ ਪੁੱਤਰ ਦੀ ਦਾਤ ਮੰਗਣ ’ਤੇ ਗੁਰੂ ਸਾਹਿਬ ਨੇ ਉਸ ਨੂੰ ਅਸ਼ੀਰਵਾਦ ਦਿੱਤਾ ਕਿ ਉਸ ਦੇ ਘਰ ਇਕ ਪ੍ਰਤਾਪੀ ਪੁੱਤਰ ਪੈਦਾ ਹੋਵੇਗਾ ਜਿਸ ਦੇ ਮੱਥੇ ਉੱਪਰ ਗੁਰੂ ਬਖਸ਼ਿਸ਼ ਦਾ ਚਿੰਨ੍ਹ ‘ਇਕ ਓਅੰਕਾਰ’ ਬਣਿਆ ਹੋਵੇਗਾ।

186. ਆਸਾਮ ਦੀ ਪ੍ਰਚਾਰ ਫੇਰੀ ਤੋਂ ਪਟਨਾ ਸਾਹਿਬ ਵਾਪਸ ਆ ਕੇ ਸ੍ਰੀ ਗੁਰੂ ਤੇਗ

ਬਹਾਦਰ ਜੀ ਆਪਣੇ ਸਪੁੱਤਰ ਬਾਲ ਗੋਬਿੰਦ ਦਾਸ ਜੀ* ਨੂੰ ਉਨ੍ਹਾਂ ਦੇ ਜਨਮ ਤੋਂ ਬਾਅਦ ਪਹਿਲੀ ਵਾਰ ਕਦੋਂ ਮਿਲੇ?

- ਲਗ-ਪਗ ਚਾਰ ਸਾਲ ਦੀ ਉਮਰ ਹੋਣ 'ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਆਪਣੇ ਪੁੱਤਰ ਬਾਲ ਗੋਬਿੰਦ ਦਾਸ ਜੀ ਨੂੰ ਪਹਿਲੀ ਵਾਰ ਮਿਲੇ। ਇਸ ਸਥਾਨ 'ਤੇ ਗੁਰਦੁਆਰਾ ਗੁਰੂ ਕਾ ਬਾਗ਼ ਸੁਭਾਇਮਾਨ ਹੈ। ਗੁਰੂ ਸਾਹਿਬ ਨੂੰ ਆਪਣੇ ਸਪੁੱਤਰ ਦੇ ਜਨਮ ਦੀ ਖ਼ਬਰ ਵੀ ਅਸਾਮ ਫੇਰੀ ਦੌਰਾਨ ਢਾਕਾ ਨਾਮਕ ਸਥਾਨ 'ਤੇ ਮਿਲੀ ਸੀ।

187. ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਪਟਨਾ ਸਾਹਿਬ ਤੋਂ ਪੰਜਾਬ ਵੱਲ ਕਦੋਂ ਚਾਲੇ ਪਾਏ?

- 18 ਮਈ, 1670 ਈ. ਨੂੰ। ਇਸ ਸਮੇਂ ਗੁਰੂ ਸਾਹਿਬ ਦਾ ਸਮੂਹ ਪਰਿਵਾਰ ਪਟਨਾ ਸਾਹਿਬ ਵਿਚ ਹੀ ਰਿਹਾ।

188. ਪਟਨਾ ਸਾਹਿਬ ਤੋਂ ਦਿੱਲੀ ਜਾਣ ਸਮੇਂ ਅਯੁੱਧਿਆ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਠਹਿਰਾਅ ਵਾਲੇ ਸਥਾਨ 'ਤੇ ਕਿਹੜਾ ਗੁਰਧਾਮ ਹੈ?

- ਗੁਰਦੁਆਰਾ ਬ੍ਰਹਮਕੁੰਡ ਸਾਹਿਬ ਜੋ ਸਰਯੂ ਨਦੀ ਦੇ ਕਿਨਾਰੇ ਹੈ।

---

* ਇਹ ਨਾਮ ਸ੍ਰੀ ਗੁਰੂ ਤੇਗ ਬਹਾਦਰ ਜੀ ਦੁਆਰਾ ਪਟਨਾ ਸਾਹਿਬ ਦੀ ਸੰਗਤ ਦੇ ਨਾਮ ਭੇਜੇ ਗਏ ਹੁਕਮਨਾਮਿਆਂ ਵਿਚ ਦਰਜ ਵੇਰਵਿਆਂ ਅਨੁਸਾਰ ਹੈ। ਸਿੱਖ ਰਵਾਇਤ ਵਿਚ ਪ੍ਰਚਲਿਤ ਨਾਮ (ਗੁਰੂ) ਗੋਬਿੰਦ ਰਾਇ ਜੀ ਹੈ।

189. ਲਖਨਊ ਵਿਚ ਗੁਰੂ ਸਾਹਿਬ ਦੀ ਸਤਿਕਾਰ ਸਾਹਿਤ ਸੇਵਾ ਕਰਨ ਵਾਲੇ ਗੁਰਸਿੱਖਾਂ ਦੇ ਕੀ ਨਾਮ ਹਨ?

- ਭਾਈ ਚੂਹੜ ਜੀ ਤੇ ਭਾਈ ਚਉੜ੍ਹੜ ਜੀ।

190. ਲਖਨਊ ਤੋਂ ਕਿੰਨਾ ਥਾਵਾਂ ਰਾਹੀਂ ਹੁੰਦੇ ਹੋਏ ਸ੍ਰੀ ਗੁਰੂ ਤੇਗ ਬਹਾਦਰ ਜੀ ਦਿੱਲੀ ਪਹੁੰਚੇ?

- ਸ਼ਾਹਜਹਾਨਪੁਰ, ਬਰੇਲੀ, ਪੀਲੀਭੀਤ, ਨਾਨਕਮਤਾ, ਮੁਰਾਦਾਬਾਦ, ਹਰਿਦੁਆਰ ਆਦਿ ਥਾਵਾਂ ਤੋਂ ਹੁੰਦੇ ਹੋਏ।

191. ਗੁਰੂ ਕੀਆਂ ਸਾਖੀਆਂ' ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਦਿੱਲੀ ਕਿੰਨਾ ਸਮਾਂ ਠਹਿਰੇ ਅਤੇ ਇਸ ਸਮੇਂ ਦੌਰਾਨ ਉਨ੍ਹਾਂ ਦੇ ਕਿਸ ਜਗ੍ਹਾ 'ਤੇ ਠਹਿਰਣ ਦੇ ਹਵਾਲੇ ਪ੍ਰਾਪਤ ਹੁੰਦੇ ਹਨ?

- 2 ਮਹੀਨੇ, 13 ਦਿਨ। ਇਸ ਸਮੇਂ ਦੌਰਾਨ ਉਨ੍ਹਾਂ ਦੇ ਭਾਈ ਕਲਿਆਣੇ ਦੀ ਧਰਮਸ਼ਾਲਾ ਵਿਚ ਠਹਿਰਣ ਦੇ ਹਵਾਲੇ ਪ੍ਰਾਪਤ ਹੁੰਦੇ ਹਨ ।

192. ਦਿੱਲੀ ਨਿਵਾਸ ਦੌਰਾਨ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਕਿਹੜਾ ਸ਼ਰਧਾਲੂ ਉਨ੍ਹਾਂ ਦੇ ਦਰਸ਼ਨ ਕਰਨ ਦਿੱਲੀ ਆਇਆ?

- ਸੈਫ਼ਾਬਾਦ (ਪਟਿਆਲਾ) ਤੋਂ ਨਵਾਬ ਸੈਫ਼ ਖ਼ਾਨ।

193. ਸ੍ਰੀ ਗੁਰੂ ਤੇਗ ਬਹਾਦਰ ਜੀ ਕਿੰਨਾਂ ਥਾਵਾਂ ਤੋਂ ਹੁੰਦੇ ਹੋਏ ਦਿੱਲੀ ਤੋਂ ਸ੍ਰੀ ਅਨੰਦਪੁਰ ਸਾਹਿਬ ਪਹੁੰਚੇ?

- ਗੁਰੂ ਸਾਹਿਬ ਰੋਹਤਕ, ਲਾਖਣ ਮਾਜਰਾ, ਜੀਂਦ, ਪਿਹੋਵਾ, ਲਖਨੌਰ ਸਾਹਿਬ, ਕੀਰਤਪੁਰ ਸਾਹਿਬ ਹੁੰਦੇ ਹੋਏ ਅਕਤੂਬਰ, 1670 ਈ. ਵਿਚ ਸ੍ਰੀ ਅਨੰਦਪੁਰ ਸਾਹਿਬ ਪਹੁੰਚੇ।

194. ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਸਮੂਹ ਪਰਿਵਾਰ ਨੂੰ ਪੰਜਾਬ (ਅਨੰਦਪੁਰ ਸਾਹਿਬ) ਕਦੋਂ ਬੁਲਾਇਆ?

- 1672 ਈ. ਦੇ ਅਖੀਰ ਵਿਚ।

195. ਅਨੰਦਪੁਰ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨ ਕਰਨ ਆਏ ਭਾਈ ਕਨ੍ਹਈਆ ਜੀ ਨੂੰ ਗੁਰੂ ਸਾਹਿਬ ਨੇ ਕਿਹੜੀ ਦਾਤ ਬਖਸ਼ੀ?

- ਗੁਰੂ ਸਾਹਿਬ ਨੇ ਭਾਈ ਕਨ੍ਹਈਆ ਜੀ ਨੂੰ ਉਪਦੇਸ਼ ਦੇ ਕੇ ਸਿੱਖੀ ਮਾਰਗ ਦਾ ਪਾਂਧੀ ਬਣਾਇਆ ਅਤੇ ਸੇਵਾ ਭਾਵਨਾ ਵਾਲੀ ਸਮ ਦ੍ਰਿਸ਼ਟੀ ਦੀ ਦਾਤ ਬਖਸ਼ੀ।

196. ਭਾਈ ਮਨੀ ਸਿੰਘ ਪੱਕੇ ਤੌਰ 'ਤੇ ਅਨੰਦਪੁਰ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਪਾਸ ਸੇਵਾ ਲਈ ਕਦੋਂ ਆਏ?

- 29 ਮਾਰਚ, 1672 ਈ. ਵਿਚ। ਇਸ ਤੋਂ ਪਹਿਲਾਂ ਉਹ 1657 ਈ. ਵਿਚ 13 ਸਾਲ ਦੀ ਉਮਰ ਦੌਰਾਨ ਕੀਰਤਪੁਰ ਸਾਹਿਬ ਵਿਚ ਸ੍ਰੀ ਗੁਰੂ ਹਰਿਰਾਇ

ਸਾਹਿਬ ਅਤੇ 1664 ਈ. ਵਿਚ 20 ਸਾਲ ਦੀ ਉਮਰ ਦੌਰਾਨ ਬਾਬਾ ਬਕਾਲਾ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨ ਕਰ ਕੇ ਸਿੱਖੀ ਦੀ ਦਾਤ ਪ੍ਰਾਪਤ ਕਰ ਚੁੱਕੇ ਸਨ।

197. ਸ੍ਰੀ ਗੁਰੂ ਤੇਗ ਬਹਾਦਰ ਜੀ ਅਨੰਦਪੁਰ ਸਾਹਿਬ ਤੋਂ ਮਾਲਵਾ ਅਤੇ ਬਾਂਗਰ (ਮੌਜੂਦਾ ਹਰਿਆਣਾ) ਦੇ ਪ੍ਰਚਾਰ ਦੌਰੇ ਲਈ ਕਦੋਂ ਰਵਾਨਾ ਹੋਏ?

- ਅਕਤੂਬਰ, 1673 ਈ.।

198. ਮਾਲਵਾ ਅਤੇ ਬਾਂਗਰ (ਮੌਜੂਦਾ ਹਰਿਆਣਾ) ਵਿਚ ਗੁਰੂ ਸਾਹਿਬ ਨੇ ਕਿੰਨਾ ਸਮਾਂ ਪ੍ਰਚਾਰ ਕੀਤਾ?

- ਲਗ-ਪਗ ਇਕ ਸਾਲ।

199. ਮੌਜੂਦਾ ਸਮੇਂ ਤੱਕ ਵਿਦਵਾਨਾਂ ਦੁਆਰਾ ਕੀਤੀ ਖੋਜ ਅਤੇ ਸਮੂਹ ਸ੍ਰੋਤ ਗ੍ਰੰਥਾਂ ਦੇ ਆਧਾਰ 'ਤੇ ਮਾਲਵਾ ਅਤੇ ਬਾਂਗਰ (ਮੌਜੂਦਾ ਹਰਿਆਣਾ) ਵਿਚ ਗੁਰੂ ਸਾਹਿਬ ਦੇ ਚਰਨ ਛੋਹ ਪ੍ਰਾਪਤ ਸਥਾਨਾਂ ਦੀ ਗਿਣਤੀ ਕਿੰਨੀ ਹੈ?

- ਮਾਲਵਾ- ਲਗ-ਪਗ 100
  ਬਾਂਗਰ (ਮੌਜੂਦਾ ਹਰਿਆਣਾ)- ਲਗ-ਪਗ 37 (ਇਨ੍ਹਾਂ ਵਿਚੋਂ ਚਾਰ ਸਥਾਨ ਸ੍ਰੀ ਗੁਰੂ ਸਾਹਿਬ ਦੀ ਸ਼ਹਾਦਤ ਤੋਂ ਬਾਅਦ ਸੀਸ ਯਾਤਰਾ ਨਾਲ ਸੰਬੰਧਿਤ ਹਨ।)

200. ਸ੍ਰੀ ਗੁਰੂ ਤੇਗ ਬਹਾਦਰ ਜੀ ਕੋਲ ਸਹਾਇਤਾ ਦੀ ਫਰਿਆਦ ਲੈ ਕੇ ਕਸ਼ਮੀਰੀ

ਪੰਡਤਾਂ ਦਾ ਵਫ਼ਦ ਚੱਕ ਮਾਤਾ ਨਾਨਕੀ ਵਿਖੇ ਕਦੋਂ ਆਇਆ?

➢ ਜੇਠ ਸੁਦੀ 11, ਸੰਮਤ 1732 ਬਿਕਰਮੀ (25 ਮਈ, 1675 ਈ.)।

201. ਭੱਟ ਵਹੀ ਤਲਾਉਂਡਾ ਅਤੇ ਭੱਟ ਵਹੀ ਮੁਲਤਾਨੀ ਸਿੰਧੀ ਅਨੁਸਾਰ ਮੁਖੀ ਕਸ਼ਮੀਰੀ ਬ੍ਰਾਹਮਣਾਂ ਦਾ ਵਫ਼ਦ ਕਿਸ ਦੀ ਅਗਵਾਈ ਅਧੀਨ ਗੁਰੂ ਸਾਹਿਬ ਪਾਸ ਆਇਆ ਅਤੇ ਇਸ ਵਫ਼ਦ ਵਿਚ ਸ਼ਾਮਿਲ ਬ੍ਰਾਹਮਣਾਂ ਦੀ ਗਿਣਤੀ ਕਿੰਨੀ ਸੀ?

➢ ਮਟਨ ਨਿਵਾਸੀ ਪੰਡਿਤ ਕਿਰਪਾ ਰਾਮ ਦੱਤ ਦੀ ਅਗਵਾਈ ਹੇਠ 16 ਮੁਖੀ ਬ੍ਰਾਹਮਣਾਂ ਦਾ ਵਫ਼ਦ ਗੁਰੂ ਸਾਹਿਬ ਕੋਲ ਫਰਿਆਦ ਲੈ ਕੇ ਆਇਆ।

202. ਕਸ਼ਮੀਰੀ ਬ੍ਰਾਹਮਣਾਂ ਦਾ ਸ੍ਰੀ ਗੁਰੂ ਤੇਗ ਬਹਾਦਰ ਜੀ ਕੋਲ ਫਰਿਆਦ ਲੈ ਕੇ ਦਾ ਕੀ ਕਾਰਨ ਸੀ?

➢ ਔਰੰਗਜ਼ੇਬ ਆਪਣੀ ਕੱਟੜ ਧਾਰਮਿਕ ਨੀਤੀ (ਦਾਰ-ਉਲ-ਇਸਲਾਮ) ਤਹਿਤ ਸਮੁੱਚੇ ਹਿੰਦੁਸਤਾਨ ਨੂੰ ਇਸਲਾਮ ਧਰਮ ਵਿਚ ਲਿਆਉਣ ਲਈ ਗੈਰ-ਮੁਸਲਮਾਨਾਂ ਉੱਪਰ ਜ਼ੁਲਮ ਕਰ ਰਿਹਾ ਸੀ। ਉਸ ਨੇ ਕਸ਼ਮੀਰੀ ਬ੍ਰਾਹਮਣਾਂ ਨੂੰ ਇਸਲਾਮ ਜਾਂ ਮੌਤ ਵਿਚੋਂ ਇਕ ਰਾਹ ਚੁਣਨ ਲਈ ਕਿਹਾ ਜਿਸ ਕਾਰਨ ਉਹ ਆਪਣੇ ਧਰਮ ਨੂੰ ਬਚਾਉਣ ਦੀ ਫਰਿਆਦ ਲੈ ਕੇ ਗੁਰੂ ਸਾਹਿਬ ਕੋਲ ਆਏ।

203. ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਔਰੰਗਜ਼ੇਬ ਦੀ ਕੱਟੜ ਧਾਰਮਿਕ ਨੀਤੀ ਦੀ ਪੁਸ਼ਟੀ ਕਿਹੜੇ ਸਮਕਾਲੀ ਸ੍ਰੋਤ ਵਿਚੋਂ ਹੁੰਦੀ ਹੈ?

- ਔਰੰਗਜ਼ੇਬ ਦੇ ਮੁਗ਼ਲ ਸਾਸ਼ਨ ਦੇ ਕਰਮਚਾਰੀ ਸਾਕੀ ਮੁਸਤਾਅਦ ਖਾਂ ਦੁਆਰਾ ਲਿਖਿਤ 'ਮਆਸਿਰਿ ਆਲਮਗੀਰੀ' ਨਾਮਕ ਸਮਕਾਲੀ ਸ੍ਰੋਤ ਵਿਚੋਂ।

204. 'ਮਆਸਿਰਿ ਆਲਮਗੀਰੀ' ਵਿਚ ਦਰਜ ਕਿਹੜੀਆਂ ਘਟਨਾਵਾਂ ਔਰੰਗਜ਼ੇਬ ਨੂੰ ਗੈਰ-ਮੁਸਲਮਾਨਾਂ ਦਾ ਵਿਰੋਧੀ ਸਿੱਧ ਕਰਦੀਆਂ ਹਨ?

- ਹਿੰਦੂਆਂ ਉੱਪਰ ਦੁਬਾਰਾ ਜਜ਼ੀਆ ਕਰ ਲਗਾਉਣਾ ਜੋ ਅਕਬਰ ਨੇ ਬੰਦ ਕਰ ਦਿੱਤਾ ਸੀ, ਹਿੰਦੂ ਧਰਮ ਦੇ ਸਕੂਲਾਂ ਅਤੇ ਮੰਦਰਾਂ ਨੂੰ ਢਾਹੁਣਾ, ਗੈਰ-ਮੁਸਲਮਾਨਾਂ ਨੂੰ ਸਰਕਾਰੀ ਅਹੁਦਿਆਂ ਤੋਂ ਹਟਾਉਣਾ ਆਦਿ।

205. ਔਰੰਗਜ਼ੇਬ ਦੁਆਰਾ ਆਪਣੀ ਕੱਟੜ ਧਾਰਮਿਕ ਨੀਤੀ ਤਹਿਤ ਢਾਹੇ ਗਏ ਹਿੰਦੂ ਮੰਦਰਾਂ ਵਿਚ ਕਿਹੜੇ-ਕਿਹੜੇ ਪ੍ਰਸਿਧ ਹਿੰਦੂ ਮੰਦਰ ਸ਼ਾਮਿਲ ਸਨ?

- ਗੁਜਰਾਤ ਦਾ ਸੋਮਨਾਥ ਮੰਦਰ, ਬਨਾਰਸ ਦਾ ਕਾਸ਼ੀ ਵਿਸ਼ਵਨਾਥ ਮੰਦਰ, ਮਥੁਰਾ ਦਾ ਕੇਸ਼ਵ ਰਾਏ ਮੰਦਰ ਆਦਿ।

206. ਭਾਈ ਸੰਤੋਖ ਸਿੰਘ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਕਸ਼ਮੀਰੀ ਪੰਡਤਾਂ 'ਤੇ ਜ਼ੁਲਮ ਕਰਨ ਵਾਲੇ ਕਸ਼ਮੀਰ ਦੇ ਸੂਬੇਦਾਰ ਦਾ ਕੀ ਨਾਮ ਲਿਖਿਆ ਹੈ?

- ਸ਼ੇਰ ਅਫ਼ਗਾਨ ਖ਼ਾਨ, ਜੋ ਕਿ ਇਤਿਹਾਸਕਾਰਾਂ ਅਨੁਸਾਰ ਔਰੰਗਜ਼ੇਬ ਵੱਲੋਂ ਇਫ਼ਤਗਾਰ ਖ਼ਾਨ ਨੂੰ ਪ੍ਰਦਾਨ ਕੀਤੀ ਗਈ ਉਪਾਧੀ ਦਾ ਨਾਮ ਹੈ।

207. ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਫਰਿਆਦੀ ਹੋ ਕੇ ਆਏ ਕਸ਼ਮੀਰੀ ਬ੍ਰਾਹਮਣਾਂ

ਦੀ ਬਾਂਹ ਕਿਵੇਂ ਫੜੀ?

- ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਸ਼ਮੀਰੀ ਬ੍ਰਾਹਮਣਾਂ ਨੂੰ ਕਿਹਾ ਕਿ ਉਹ ਔਰੰਗਜ਼ੇਬ ਤੱਕ ਸੁਨੇਹਾ ਪਹੁੰਚਾ ਦੇਣ ਕਿ ਸ੍ਰੀ ਗੁਰੂ ਤੇਗ ਬਹਾਦਰ ਉਨ੍ਹਾਂ ਦੇ ਆਗੂ ਹਨ। ਜੋ ਫੈਸਲਾ ਗੁਰੂ ਸਾਹਿਬ ਦਾ ਹੋਵੇਗਾ, ਉਹੀ ਫੈਸਲਾ ਇਨ੍ਹਾਂ ਸਾਰੇ ਬ੍ਰਾਹਮਣਾਂ ਦਾ ਹੋਵੇਗਾ। ਇਸ ਲਈ ਉਨ੍ਹਾਂ ਬ੍ਰਾਹਮਣਾਂ ਨੂੰ ਫਜ਼ੂਲ ਤੰਗ ਨਾ ਕੀਤਾ ਜਾਵੇ।

208. ਸ੍ਰੀ ਗੁਰੂ ਤੇਗ ਬਹਾਦਰ ਜੀ ਸ਼ਹੀਦੀ ਲਈ ਆਨੰਦਪੁਰ ਸਾਹਿਬ ਤੋਂ ਦਿੱਲੀ ਕਦੋਂ ਰਵਾਨਾ ਹੋਏ?

- ਸ੍ਰੀ ਗੁਰੂ ਤੇਗ ਬਹਾਦਰ ਜੀ ਸਾਵਣ ਪਰਵਿਸ਼ਟੇ 8, ਸੰਮਤ 1732 ਬਿਕਰਮੀ (8 ਜੁਲਾਈ, 1675 ਈ.) ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰਗੱਦੀ ਦੀ ਜ਼ਿੰਮੇਵਾਰੀ ਸੌਂਪਣ ਤੋਂ ਤਿੰਨ ਦਿਨ ਬਾਅਦ ਸਾਵਣ ਪਰਵਿਸ਼ਟੇ 11, ਸੰਮਤ 1732 ਬਿਕਰਮੀ (11 ਜੁਲਾਈ, 1675 ਈ.) ਨੂੰ ਦਿੱਲੀ ਲਈ ਰਵਾਨਾ ਹੋਏ।

209. ਕਿਹੜੇ-ਕਿਹੜੇ ਸਿੱਖ ਅਨੰਦਪੁਰ ਸਾਹਿਬ ਤੋਂ ਦਿੱਲੀ ਜਾਣ ਸਮੇਂ ਗੁਰੂ ਸਾਹਿਬ ਦੇ ਨਾਲ ਸਨ?

- ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ, ਭਾਈ ਊਦਾ ਜੀ ਅਤੇ ਭਾਈ ਗੁਰਦਿੱਤਾ ਜੀ ਨਾਮਕ ਪੰਜ ਸਿੱਖ।

210. ਦਿੱਲੀ ਜਾਣ ਸਮੇਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਪਰਿਵਾਰ ਅਤੇ ਸਮੂਹ ਸੰਗਤਾਂ ਨੂੰ ਕਿਹੜਾ ਉਪਦੇਸ਼ ਦਿੱਤਾ?

- ਗੁਰੂ ਸਾਹਿਬ ਨੇ ਸਮੂਹ ਸੰਗਤ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਹੁਕਮਾਂ ਵਿਚ ਰਹਿਣ ਲਈ ਕਿਹਾ ਅਤੇ ਮੋਹ ਤੋਂ ਰਹਿਤ ਕਰਨ ਲਈ ਉਪਦੇਸ਼ ਦਿੱਤਾ ਕਿ ਸਰੀਰਾਂ ਦੇ ਸੰਬੰਧ, ਨਦੀ ਦੇ ਪਾਣੀ ਨਾਲ ਚੱਲ ਰਹੇ ਤਿਨਕੇ ਅਤੇ ਰਾਤ ਨੂੰ ਰੁੱਖ 'ਤੇ ਇਕੱਠੇ ਹੋਣ ਵਾਲੇ ਪੰਛੀਆਂ ਦੇ ਸੰਬੰਧਾਂ ਵਾਂਗ ਅਸਥਿਰ ਹੁੰਦੇ ਹਨ।

211. ਅਨੰਦਪੁਰ ਸਾਹਿਬ ਤੋਂ ਚੱਲ ਕੇ ਗੁਰੂ ਸਾਹਿਬ ਨੇ ਪਹਿਲਾ ਪੜਾਅ ਕਿਸ ਸਥਾਨ 'ਤੇ ਕੀਤਾ?

- ਭਰਤਗੜ੍ਹ। ਇੱਥੇ ਗੁਰੂ ਸਾਹਿਬ ਦੀ ਯਾਦ ਵਿਚ ਗੁਰਦੁਆਰਾ ਮੰਜੀ ਸਾਹਿਬ, ਪਾਤਸ਼ਾਹੀ ਨੌਂਵੀਂ ਸੁਭਾਇਮਾਨ ਹੈ ਜੋ ਮੁੱਖ ਸੜਕ ਦੇ ਉਪਰ ਹੈ।

212. ਭੱਟ ਵਹੀ ਮੁਲਤਾਨੀ ਸਿੰਧੀ ਅਨੁਸਾਰ ਗੁਰੂ ਸਾਹਿਬ ਦੀ ਦੂਸਰੀ ਗ੍ਰਿਫ਼ਤਾਰੀ ਕਿਸ ਥਾਂ ਤੋਂ ਹੋਈ?

- ਮਲਕਪੁਰ ਰੰਘੜਾਂ (ਰੋਪੜ) ਨਾਮਕ ਸਥਾਨ ਤੋਂ।

213. ਇਹ ਗ੍ਰਿਫ਼ਤਾਰੀ ਕਿਸ ਦੁਆਰਾ ਅਤੇ ਕਦੋਂ ਹੋਈ?

- ਰੋਪੜ ਪੁਲਿਸ ਚੌਂਕੀ ਦੇ ਥਾਣੇਦਾਰ, ਮਿਰਜ਼ਾ ਨੂਰ ਮੁਹੰਮਦ ਦੁਆਰਾ, ਸਾਵਣ ਪਰਵਿਸ਼ਟੇ 12, ਸੰਮਤ 1732 ਬਿਕਰਮੀ (12 ਜੁਲਾਈ, 1675 ਈ.) ਨੂੰ।

214. ਭੱਟ ਵਹੀ ਮੁਲਤਾਨੀ ਸਿੰਧੀ ਤੋਂ ਇਲਾਵਾ ਇਸ ਗ੍ਰਿਫ਼ਤਾਰੀ ਦਾ ਜ਼ਿਕਰ ਹੋਰ ਕਿਹੜੇ ਸ੍ਰੋਤਾਂ ਵਿਚ ਮਿਲਦਾ ਹੈ?

➢ 'ਗੁਰੂ ਕੀਆਂ ਸਾਖੀਆਂ' ਅਤੇ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' ਨਾਮਕ ਸ੍ਰੋਤਾਂ ਵਿਚੋਂ।

215. ਭੱਟ ਵਹੀ ਮੁਲਤਾਨੀ ਸਿੰਧੀ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਇਸ ਗ੍ਰਿਫ਼ਤਾਰੀ ਤੋਂ ਬਾਅਦ ਕਿੰਨਾ ਸਮਾਂ ਕੈਦ ਵਿਚ ਰੱਖਿਆ ਗਿਆ?

➢ 4 ਮਹੀਨੇ, ਜਿਸ ਦੀ ਪੁਸ਼ਟੀ ਨਾ ਤਾਂ ਸਿੱਖ ਸ੍ਰੋਤਾਂ ਵਿਚੋਂ ਹੁੰਦੀ ਹੈ ਅਤੇ ਨਾ ਹੀ ਸਿੱਖ ਰਵਾਇਤਾਂ ਵਿਚੋਂ।

216. ਭੱਟ ਵਹੀ ਮੁਲਤਾਨੀ ਸਿੰਧੀ ਵਿਚ ਦਰਜ ਗੁਰੂ ਸਾਹਿਬ ਦੇ ਚਾਰ ਮਹੀਨੇ ਵਾਲੀ ਕੈਦ ਦੇ ਵੇਰਵੇ ਦਾ ਸਿੱਖ ਸ੍ਰੋਤ ਗ੍ਰੰਥਾਂ ਅਤੇ ਸਿੱਖ ਰਵਾਇਤਾਂ ਵਿਚ ਅਣਹੋਂਦ ਦਾ ਕੀ ਕਾਰਨ ਹੋ ਸਕਦਾ ਹੈ?

➢ ਇਸ ਦਾ ਕਾਰਨ ਹੋ ਸਕਦਾ ਹੈ ਕਿ ਗੁਰੂ ਸਾਹਿਬ ਨੂੰ ਚਾਰ ਮਹੀਨੇ ਕੈਦ ਵਿਚ ਰੱਖਣ ਵਾਲੀ ਗੱਲ ਭੱਟ ਵਹੀ ਦੇ ਲਿਖਤੀ ਰੂਪ ਵਿਚ ਆ ਗਈ ਹੋਵੇ ਪਰ ਇਸ ਨੂੰ ਅਮਲ ਵਿਚ ਨਾ ਲਿਆਂਦਾ ਜਾ ਸਕਿਆ ਹੋਵੇ ਜਿਵੇਂ 'ਤੁਜ਼ਕ-ਇ-ਜਹਾਂਗੀਰੀ' ਵਿਚ ਵਰਣਿਤ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਘਰ ਅਤੇ ਸੰਪੱਤੀ ਨੂੰ ਜ਼ਬਤ ਕਰਨ ਦਾ ਹੁਕਮ ਅਮਲੀ ਰੂਪ ਵਿਚ ਨਾ ਆ ਸਕਿਆ।

217. ਕਿਸ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਇਸ ਗ੍ਰਿਫ਼ਤਾਰੀ ਤੋਂ ਬਾਅਦ ਗੁਰੂ

ਸਾਹਿਬ ਨੂੰ ਰਿਹਾਅ ਕਰ ਦਿੱਤਾ ਗਿਆ?

- ਸਿੱਖ ਰਵਾਇਤ ਅਨੁਸਾਰ ਗੁਰੂ ਸਾਹਿਬ ਨੇ ਸ਼ਹਾਦਤ ਤੋਂ ਪਹਿਲਾਂ ਮਾਲਵਾ ਅਤੇ ਬਾਂਗਰ (ਮੌਜੂਦਾ ਹਰਿਆਣਾ) ਦੇ ਅਨੇਕਾਂ ਨਗਰਾਂ ਵਿਚ ਆਪਣੇ ਪਵਿੱਤਰ ਚਰਨ ਪਾਏ। ਇਸ ਦੀ ਪੁਸ਼ਟੀ ਸਿੱਖ ਸ੍ਰੋਤ ਗ੍ਰੰਥਾਂ ਵਿਚੋਂ ਵੀ ਹੁੰਦੀ ਹੈ। ਪ੍ਰਿੰ. ਸਤਿਬੀਰ ਸਿੰਘ ਨੇ ਇਸ ਗ੍ਰਿਫ਼ਤਾਰੀ ਨੂੰ ਇਕ ਚੇਤਾਵਨੀ ਦੇ ਰੂਪ ਵਿਚ ਲਿਆ ਹੈ ਜਿਸ ਤੋਂ ਬਾਅਦ ਗੁਰੂ ਜੀ ਨੂੰ ਰਿਹਾਅ ਕਰ ਦਿੱਤਾ ਗਿਆ।

218. ਮਲਕਪੁਰ ਰੰਘੜਾਂ ਦੀ ਰਿਹਾਈ ਤੋਂ ਬਾਅਦ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣਾ ਪੜਾਅ ਕਿਸ ਸਥਾਨ 'ਤੇ ਕੀਤਾ?

- ਸੈਫ਼ਾਬਾਦ ਵਿਖੇ ਨਵਾਬ ਸੈਫ਼ ਖ਼ਾਨ ਕੋਲ ਜੋ ਗੁਰੂ ਸਾਹਿਬ ਦਾ ਪਰਮ ਸ਼ਰਧਾਲੂ ਸੀ।

219. ਸੈਫ਼ਾਬਾਦ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਨਵਾਬ ਸੈਫ਼ ਖ਼ਾਨ ਪਾਸ ਕਿੰਨਾ ਸਮਾਂ ਠਹਿਰੇ?

- ਗੁਰੂ ਸਾਹਿਬ ਨੇ ਚੁਮਾਸਾ (ਬਰਸਾਤ ਦੇ ਚਾਰ ਮਹੀਨਿਆਂ ਵਿਚੋਂ ਲਗ-ਪਗ ਤਿੰਨ ਮਹੀਨਿਆਂ ਦਾ ਸਮਾਂ) ਨਵਾਬ ਸੈਫ਼ ਖ਼ਾਨ ਪਾਸ ਕੱਟਿਆ।

220. ਸ਼ਹੀਦੀ ਲਈ ਅਨੰਦਪੁਰ ਸਾਹਿਬ ਚੱਲਣ ਤੋਂ ਬਾਅਦ ਨਵਾਬ ਸੈਫ਼ ਖ਼ਾਨ ਕੋਲ ਤਿੰਨ-ਚਾਰ ਮਹੀਨੇ ਠਹਿਰਨ ਦੀ ਪੁਸ਼ਟੀ ਕਿਹੜੇ ਸਿੱਖ ਸ੍ਰੋਤ ਗ੍ਰੰਥਾਂ ਵਿਚੋਂ ਹੁੰਦੀ ਹੈ?

➢ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਅਤੇ ਤਵਾਰੀਖ ਗੁਰੂ ਖਾਲਸਾ ਵਿਚੋਂ।

221. ਚੀਕਾ ਨਗਰ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਿਸ ਸਥਾਨ ’ਤੇ ਆਪਣਾ ਠਹਿਰਾਓ ਕੀਤਾ?

➢ ਚੀਕਾ ਨਗਰ ਵਿਖੇ ਗੁਰੂ ਸਾਹਿਬ ਨੇ ਗਲੋਰੇ ਮਸੰਦ ਦੇ ਘਰ ਵਿਚ ਠਹਿਰਾਓ ਕੀਤਾ ਜਿਸ ਨੂੰ ਗੁਰੂ ਸਾਹਿਬ ਨੇ ਹਾਂਸੀ ਅਤੇ ਹਿਸਾਰ ਵਿਚ ਸਿੱਖੀ ਦਾ ਪ੍ਰਚਾਰਕ ਨਿਯੁਕਤ ਕੀਤਾ ਸੀ।

222. ਗਲੋਰੇ ਮਸੰਦ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਿਸ ਵਸਤੂ ਦੀ ਬਖਸ਼ਿਸ਼ ਕੀਤੀ?

➢ ਗੁਰੂ ਸਾਹਿਬ ਨੇ ਗਲੋਰੇ ਮਸੰਦ ਨੂੰ ਤੀਰਾਂ ਦਾ ਭਰਿਆ ਇਕ ਭੱਥਾ ਬਖਸ਼ਿਸ਼ ਕੀਤਾ।

223. ਸ੍ਰੀ ਗੁਰੂ ਤੇਗ ਬਹਾਦਰ ਜੀ ਚੀਕੇ ਤੋਂ ਕਿੰਨ੍ਹਾਂ ਥਾਵਾਂ ਰਾਹੀਂ ਆਗਰਾ ਪਹੁੰਚੇ?

➢ ਸ੍ਰੀ ਗੁਰੂ ਤੇਗ ਬਹਾਦਰ ਜੀ ਕਰ੍ਹਾ, ਪਿਹੋਵਾ, ਧਮਤਾਨ ਸਾਹਿਬ, ਖਰਕ ਭੂਰਾ, ਖਟਕੜ, ਜੀਂਦ, ਲਾਖਣ ਮਾਜਰਾ, ਰੋਹਤਕ ਆਦਿ ਥਾਵਾਂ ਤੋਂ ਹੁੰਦੇ ਹੋਏ ਆਗਰਾ ਪਹੁੰਚੇ।

224. ਕਿਹੜੇ-ਕਿਹੜੇ ਸ੍ਰੋਤ ਗ੍ਰੰਥਾਂ ਵਿਚੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਆਗਰਾ ਤੋਂ ਗ੍ਰਿਫ਼ਤਾਰ ਹੋਣ ਬਾਰੇ ਜ਼ਿਕਰ ਪ੍ਰਾਪਤ ਹੁੰਦਾ ਹੈ?

- ਭਾਈ ਸੰਤੋਖ ਸਿੰਘ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਅਤੇ ਗਿਆਨੀ ਗਿਆਨ ਸਿੰਘ ਰਚਿਤ 'ਤਵਾਰੀਖ ਗੁਰੂ ਖਾਲਸਾ' ਵਿਚੋਂ।

225. ਆਗਰੇ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਗ੍ਰਿਫ਼ਤਾਰੀ ਕਿਸ ਪ੍ਰਕਾਰ ਦਿੱਤੀ?

- ਸਿੱਖ ਸ੍ਰੋਤ ਗ੍ਰੰਥਾਂ ਅਨੁਸਾਰ ਗੁਰੂ ਸਾਹਿਬ ਨੇ ਇਕ ਗਰੀਬ ਮੁਸਲਮਾਨ ਬਜ਼ੁਰਗ ਆਜੜੀ ਨੂੰ ਮਿਠਾਈ ਖ਼ਰੀਦਣ ਲਈ ਕੀਮਤੀ ਦੁਸ਼ਾਲਾ ਅਤੇ ਹੀਰੇ ਨਾਲ ਜੜੀ ਹੋਈ ਕੀਮਤੀ ਅੰਗੂਠੀ ਦੇ ਕੇ ਬਾਗ਼ ਵਿਚ ਮੁਗ਼ਲ ਫ਼ੌਜਾਂ ਨੂੰ ਆਪਣੀ ਹੋਂਦ ਦਾ ਅਹਿਸਾਸ ਕਰਵਾ ਕੇ ਗ੍ਰਿਫ਼ਤਾਰੀ ਦਿੱਤੀ।

226. ਗੁਰੂ ਸਾਹਿਬ ਦੀ ਆਗਰੇ ਵਾਲੀ ਗ੍ਰਿਫ਼ਤਾਰੀ ਨਾਲ ਸੰਬੰਧਿਤ ਆਜੜੀ ਦਾ ਕੀ ਨਾਮ ਸੀ?

- ਹਸਨ ਅਲੀ ਜੋ ਆਗਰਾ ਦੇ ਨਜ਼ਦੀਕੀ ਕਕਰੈਠਾ ਨਾਮਕ ਪਿੰਡ ਦਾ ਰਹਿਣ ਵਾਲਾ ਸੀ।

227. ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇਕ ਗਰੀਬ ਆਜੜੀ ਰਾਹੀਂ ਆਪਣੀ ਗ੍ਰਿਫ਼ਤਾਰੀ ਕਿਉਂ ਕਰਵਾਈ?

- ਸਿੱਖ ਰਵਾਇਤ ਅਨੁਸਾਰ ਬਜ਼ੁਰਗ ਗਰੀਬ ਆਜੜੀ ਨੇ ਸੁੱਖਣਾ ਸੁੱਖੀ ਸੀ ਕਿ ਜੇਕਰ ਗੁਰੂ ਸਾਹਿਬ ਉਸ ਦੁਆਰਾ ਗ੍ਰਿਫ਼ਤਾਰ ਹੋ ਜਾਣ ਤਾਂ ਗੁਰੂ ਸਾਹਿਬ ਦੀ ਗ੍ਰਿਫ਼ਤਾਰੀ ਲਈ ਰੱਖੇ ਗਏ 500 ਸੋਨੇ ਦੀਆਂ ਮੋਹਰਾਂ ਦੇ

ਇਨਾਮ ਦੀ ਰਕਮ ਰਾਹੀਂ ਉਸ ਦੀ ਗ਼ਰੀਬੀ ਦੂਰ ਹੋ ਜਾਵੇਗੀ ਅਤੇ ਉਹ ਆਪਣੀਆਂ ਦੋ ਮੁਟਿਆਰ ਲੜਕੀਆਂ ਦੇ ਵਿਆਹ ਕਰਵਾ ਦੇਵੇਗਾ। ਇਸ ਲਈ ਗੁਰੂ ਸਾਹਿਬ ਨੇ ਬਜ਼ੁਰਗ ਆਜੜੀ ਦੀ ਸੁੱਖਣਾ ਪੂਰੀ ਕਰਨ ਲਈ ਨਾਟਕੀ ਢੰਗ ਰਾਹੀਂ ਉਸ ਦੁਆਰਾ ਆਪਣੀ ਗ੍ਰਿਫ਼ਤਾਰੀ ਕਰਵਾਈ।

228. ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਗ੍ਰਿਫ਼ਤਾਰ ਕਰਕੇ ਕਿਸ ਦੇ ਹਵਾਲੇ ਕੀਤਾ ਗਿਆ?

- ਦਿੱਲੀ ਦੇ ਨਿਜ਼ਾਮ ਸਫ਼ੀ ਖ਼ਾਨ ਅਤੇ ਕਿਲੇਦਾਰ ਮੁਲਤਫੱਤ ਖਾਨ ਦੇ ਹਵਾਲੇ।

229. ਗੁਰੂ ਸਾਹਿਬ ਦੇ ਨਾਲ ਹੋਰ ਕਿਹੜੇ-ਕਿਹੜੇ ਸਿੱਖਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ?

- ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਨੂੰ।

230. ਗ੍ਰਿਫ਼ਤਾਰੀ ਤੋਂ ਬਾਅਦ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਕਿਸ ਹਾਲਤ ਵਿਚ ਕੈਦ ਕੀਤਾ ਗਿਆ?

- ਗੁਰੂ ਸਾਹਿਬ ਨੂੰ ਸਰੀਰਕ ਕਸ਼ਟ ਦੇ ਕੇ ਡੁਲਾਉਣ ਲਈ ਇਕ ਛੋਟੇ ਜਿਹੇ ਪਿੰਜਰੇ ਵਿਚ ਕੈਦ ਕੀਤਾ ਗਿਆ ਜਿਸ ਵਿਚ ਉਹ ਨਾ ਤਾਂ ਚੰਗੀ ਤਰ੍ਹਾਂ ਉੱਠ-ਬੈਠ ਸਕਦੇ ਸਨ ਅਤੇ ਨਾ ਹੀ ਆਰਾਮ ਕਰ ਸਕਦੇ ਸਨ।

231. ਕੁਝ ਸਿੱਖ ਵਿਦਵਾਨਾਂ ਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਮੇਂ ਔਰਗਜ਼ੇਬ ਦੀ ਮੌਜੂਦਗੀ ਹਸਨ ਅਬਦਾਲ ਨਾਮਕ ਸਥਾਨ 'ਤੇ ਦੱਸਣ ਦਾ ਕੀ ਕਾਰਨ ਹੈ?

- ਜਾਦੂ ਨਾਥ ਸਰਕਾਰ ਦੁਆਰਾ 'ਮਆਸਿਰਿ ਆਲਮਗੀਰੀ' ਨਾਮਕ ਫਾਰਸੀ ਪੁਸਤਕ ਦੇ ਹਿਜਰੀ ਸੰਨਾਂ ਦਾ ਈਸਵੀ ਸੰਨਾਂ ਵਿਚ ਕੀਤਾ ਗਿਆ ਗਲਤ ਅਨੁਵਾਦ ਜਿਸ ਨੂੰ ਕਈ ਸਿੱਖ ਵਿਦਵਾਨਾਂ ਨੇ ਬਿਨਾਂ ਕਿਸੇ ਖੋਜ-ਪੜਤਾਲ ਦੇ ਇੰਨ-ਬਿੰਨ ਪ੍ਰਵਾਨ ਕਰ ਲਿਆ।

232. 'ਮਆਸਿਰਿ ਆਲਮਗੀਰੀ' ਅਨੁਸਾਰ ਔਰੰਗਜ਼ੇਬ ਦੀ ਹਸਨ ਅਬਦਾਲ ਤੋਂ ਵਾਪਸੀ ਕਦੋਂ ਹੋਈ?

- ਮਾਰਚ, 1675 ਈ.।

233. ਕਿਸ ਭਰੋਸੇਯੋਗ ਗਵਾਹੀ ਤੋਂ ਇਹ ਗੱਲ ਪ੍ਰਮਾਣਿਤ ਹੋ ਜਾਂਦੀ ਹੈ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਮੇਂ ਔਰਗਜ਼ੇਬ ਦਿੱਲੀ ਵਿਚ ਹੀ ਸੀ?

- 'ਬਚਿੱਤਰ ਨਾਟਕ' ਰਚਨਾ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਗਵਾਹੀ ਜਿਸ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਸਰੀਰ ਰੂਪੀ ਭਾਂਡੇ ਦਾ ਠੀਕਰਾ ਦਿੱਲੀ ਦੇ ਬਾਦਸ਼ਾਹ ਦੇ ਸਿਰ 'ਤੇ ਭੰਨਿਆ। (ਠੀਕਰ ਫੋਰਿ ਦਿਲੀਸ ਸਿਰਿ ਪ੍ਰਭ ਪੁਰਿ ਕੀਯਾ ਪਯਾਨ॥)

234. ਔਰੰਗਜ਼ੇਬ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਸਾਹਮਣੇ ਕਿਹੜੀਆਂ ਤਿੰਨ

ਸ਼ਰਤਾਂ ਰੱਖ ਕੇ ਇਨ੍ਹਾਂ ਵਿਚੋਂ ਇਕ ਮੰਨਣ ਲਈ ਕਿਹਾ?

- (ੳ) ਇਸਲਾਮ ਧਰਮ ਕਬੂਲ ਕਰੋ
  (ਅ) ਕਰਾਮਾਤ ਦਿਖਾਓ
  (ੲ) ਜਾਂ ਮੌਤ ਲਈ ਤਿਆਰ ਰਹੋ।

235. ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇਨ੍ਹਾਂ ਵਿਚੋਂ ਕਿਹੜੀ ਸ਼ਰਤ ਪ੍ਰਵਾਨ ਕੀਤੀ?

- ਗੁਰੂ ਸਾਹਿਬ ਨੇ ਆਪਣਾ ਧਰਮ ਤਬਦੀਲ ਕਰ ਕੇ ਇਸਲਾਮ ਧਰਮ ਕਬੂਲ ਕਰਨ ਵਾਲੀ ਗੱਲ ਨੂੰ ਸਿਰੇ ਤੋਂ ਨਕਾਰ ਕੇ, ਕਰਾਮਾਤ ਨੂੰ ਕਹਿਰ ਦਾ ਨਾਮ ਦਿੰਦੇ ਹੋਏ ਖਿੜ੍ਹੇ-ਮੱਥੇ ਸ਼ਹੀਦ ਹੋਣ ਵਾਲੀ ਸ਼ਰਤ ਪ੍ਰਵਾਨ ਕੀਤੀ।

236. ਸ਼ਾਹੀ ਕਾਜ਼ੀ ਨੇ ਗੁਰੂ ਸਾਹਿਬ ਨੂੰ ਸ਼ਹੀਦ ਕਰਨ ਲਈ ਕਿਹੜਾ ਫ਼ਤਵਾ ਜਾਰੀ ਕੀਤਾ?

- ਸੀਸ ਧੜ ਤੋਂ ਜੁਦਾ ਕਰਨ ਦਾ।

237. ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ ਫ਼ਤਵਾ ਜਾਰੀ ਕਰਨ ਵਾਲੇ ਸ਼ਾਹੀ ਕਾਜ਼ੀ ਦਾ ਕੀ ਨਾਮ ਸੀ?

- ਕਾਜ਼ੀ ਅਬਦੁਲ ਵਹਾਬ ਵੋਹਰਾ।

238. ਗੁਰੂ ਸਾਹਿਬ ਨੂੰ ਸ਼ਹੀਦ ਕਰਨ ਤੋਂ ਪਹਿਲਾਂ ਉਨ੍ਹਾਂ ਦੇ ਸਾਹਮਣੇ ਕਿਹੜੇ-ਕਿਹੜੇ ਸਿੱਖਾਂ ਨੂੰ ਸ਼ਹੀਦ ਕੀਤਾ ਗਿਆ?

➢ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਨੂੰ।

239. ਭਾਈ ਮਤੀ ਦਾਸ ਅਤੇ ਭਾਈ ਸਤੀ ਦਾਸ ਦਾ ਆਪਸ ਵਿਚ ਕੀ ਰਿਸ਼ਤਾ ਸੀ?

➢ ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਜੀ ਆਪਸ ਵਿਚ ਦੋਵੇਂ ਸਕੇ ਭਰਾ ਸਨ।

240. ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਨੂੰ ਕਿਸ ਪ੍ਰਕਾਰ ਸ਼ਹੀਦ ਕੀਤਾ ਗਿਆ?

➢ ਭਾਈ ਮਤੀ ਦਾਸ ਜੀ ਨੂੰ ਵਿਚਕਾਰੋਂ ਆਰੇ ਨਾਲ ਚੀਰ ਕੇ ਦੋਫਾੜ ਕਰਕੇ, ਭਾਈ ਸਤੀ ਦਾਸ ਜੀ ਨੂੰ ਰੂੰ ਨਾਲ ਲਪੇਟਣ ਤੋਂ ਬਾਅਦ ਅੱਗ ਲਗਾ ਕੇ ਅਤੇ ਭਾਈ ਦਿਆਲਾ ਜੀ ਨੂੰ ਦੇਗ ਅੰਦਰ ਉਬਲਦੇ ਪਾਣੀ ਵਿਚ ਬਿਠਾ ਕੇ ਸ਼ਹੀਦ ਕੀਤਾ ਗਿਆ।

241. ਗੁਰੂ ਸਾਹਿਬ ਨੇ ਸ਼ਹੀਦੀ ਤੋਂ ਪਹਿਲਾਂ ਅਖੀਰਲਾ ਕਾਰਜ ਕਿਹੜਾ ਕੀਤਾ?

➢ ਗੁਰੂ ਸਾਹਿਬ ਨੇ ਸ਼ਹੀਦੀ ਤੋਂ ਪਹਿਲਾਂ ਖੂਹ ਤੋਂ ਇਸ਼ਨਾਨ ਕਰ ਕੇ ਸ੍ਰੀ ਜਪੁ ਜੀ ਸਾਹਿਬ ਦਾ ਪਾਠ ਕੀਤਾ।

242. ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਕਦੋਂ ਅਤੇ ਕਿੱਥੇ ਸ਼ਹੀਦ ਕੀਤਾ ਗਿਆ?

➢ ਮੱਘਰ ਸੁਦੀ 5, ਸੰਮਤ 1732 ਬਿਕਰਮੀ (11 ਨਵੰਬਰ, 1675 ਈ.), ਦਿਨ

ਵੀਰਵਾਰ ਨੂੰ ਦਿੱਲੀ ਦੇ ਚਾਂਦਨੀ ਚੌਕ ਵਿਖੇ।

243. ਗੁਰੂ ਜੀ ਦੀ ਸ਼ਹਾਦਤ ਵਾਲੀ ਥਾਂ ’ਤੇ ਕਿਹੜਾ ਗੁਰਧਾਮ ਮੌਜੂਦ ਹੈ?

- ਗੁਰਦੁਆਰਾ ਸੀਸਗੰਜ ਸਾਹਿਬ।

244. ਗੁਰੂ ਸਾਹਿਬ ਨੂੰ ਸ਼ਹੀਦ ਕਰਨ ਵਾਲੇ ਜੱਲਾਦ ਦਾ ਕੀ ਨਾਮ ਸੀ ਅਤੇ ਉਹ ਕਿੱਥੋਂ ਦਾ ਰਹਿਣ ਵਾਲਾ ਸੀ?

- ਗੁਰੂ ਸਾਹਿਬ ਨੂੰ ਸ਼ਹੀਦ ਕਰਨ ਵਾਲੇ ਜਲਾਦ ਦਾ ਨਾਮ ਜਲਾਲ-ਉਦ-ਦੀਨ ਸੀ ਜੋ ਪੰਜਾਬ ਦੇ ਸਮਾਣੇ ਦਾ ਰਹਿਣ ਵਾਲਾ ਸੀ। (ਨਵੰਬਰ 1709 ਈ. ਵਿਚ ਬਾਬਾ ਬੰਦਾ ਸਿੰਘ ਬਹਾਦਰ ਨੇ ਸਮਾਣਾ ਸ਼ਹਿਰ ’ਤੇ ਹਮਲਾ ਕਰ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਵਾਲੇ ਜੱਲਾਦਾਂ ਨੂੰ ਸਜਾਵਾਂ ਦਿੱਤੀਆਂ।)

245. ਸਿੱਖ ਰਵਾਇਤ ਦੇ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਮੌਸਮ ਦੇ ਵਰਤਾਰੇ ਵਿਚ ਕੀ ਤਬਦੀਲੀ ਆਈ?

- ਗੁਰੂ ਜੀ ਦੀ ਸ਼ਹਾਦਤ ਤੋਂ ਬਾਅਦ ਇਕਦਮ ਕਾਲੀ ਹਨੇਰੀ ਚੱਲ ਪਈ ਤੇ ਜ਼ੋਰਦਾਰ ਮੀਂਹ ਪੈਣ ਲੱਗ ਪਿਆ। ਸਿੱਖ ਰਵਾਇਤ ਅਨੁਸਾਰ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਕੁਦਰਤ ਨੇ ਵੀ ਇਸ ਕਹਿਰ ਭਰੇ ਜ਼ੁਲਮੀ ਵਰਤਾਰੇ ਪ੍ਰਤੀ ਇਸ ਤਰੀਕੇ ਨਾਲ ਆਪਣਾ ਨਾਂਹ ਪੱਖੀ ਰਵੱਈਆ ਪ੍ਰਗਟ ਕੀਤਾ।

246. ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਸਰੀਰ ਸੰਬੰਧੀ ਔਰੰਗਜ਼ੇਬ ਦਾ ਕੀ ਹੁਕਮ ਸੀ?

- ਇਸ ਸੰਬੰਧੀ ਔਰੰਗਜ਼ੇਬ ਦਾ ਹੁਕਮ ਸੀ ਕਿ ਕੋਈ ਵੀ ਵਿਅਕਤੀ ਗੁਰੂ ਜੀ ਦੇ ਸ਼ਹੀਦੀ ਸਰੀਰ ਨੂੰ ਚਾਂਦਨੀ ਚੌਂਕ ਤੋਂ ਚੁੱਕਣ ਦਾ ਸਾਹਸ ਨਾ ਕਰੇ। ਇਹ ਆਦੇਸ਼ ਇਸ ਲਈ ਦਿੱਤਾ ਗਿਆ ਸੀ ਤਾਂ ਕਿ ਲੋਕਾਂ ਵਿਚ ਖ਼ੌਫ਼ ਪੈਦਾ ਕੀਤਾ ਜਾ ਸਕੇ। ਇਸ ਆਦੇਸ਼ ਦੀ ਪੂਰਤੀ ਲਈ ਚਾਂਦਨੀ ਚੌਕ 'ਤੇ ਸਖ਼ਤ ਫੌਜੀ ਪਹਿਰਾ ਲਗਾ ਦਿੱਤਾ ਗਿਆ।

247. ਸ਼ਹੀਦੀ ਤੋਂ ਬਾਅਦ ਗੁਰੂ ਸਾਹਿਬ ਦਾ ਸੀਸ ਸਤਿਕਾਰ ਸਹਿਤ ਅਨੰਦਪੁਰ ਸਾਹਿਬ ਲੈ ਕੇ ਜਾਣ ਵਾਲੇ ਭਾਈ ਜੈਤਾ ਜੀ ਕਿੱਥੋਂ ਦੇ ਰਹਿਣ ਵਾਲੇ ਸਨ?

- ਦਿੱਲੀ ਦੀ ਦਿਲਵਾਲੀ ਗਲੀ ਦੇ।

248. ਭਾਈ ਜੈਤਾ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਉਨ੍ਹਾਂ ਦਾ ਸੀਸ ਚਾਂਦਨੀ ਚੌਂਕ ਤੋਂ ਕਿਵੇਂ ਚੁੱਕਿਆ?

- 'ਤਾਰੀਖ਼-ਏ-ਪੰਜਾਬ' ਅਨੁਸਾਰ ਭਾਈ ਜੈਤਾ ਜੀ ਨੇ ਆਪਣੇ ਪਿਤਾ ਆਗਿਆ ਰਾਮ ਦੀ ਇੱਛਾ ਅਨੁਸਾਰ ਉਨ੍ਹਾਂ ਦਾ ਸੀਸ ਵੱਢਣ ਤੋਂ ਬਾਅਦ ਗੁਰੂ ਸਾਹਿਬ ਦੇ ਸੀਸ ਦੀ ਜਗ੍ਹਾ ਰੱਖ ਕੇ ਸਤਿਕਾਰ ਸਹਿਤ ਗੁਰੂ ਤੇਗ ਬਹਾਦਰ ਜੀ ਦਾ ਸੀਸ ਚੁੱਕ ਲਿਆ।

249. ਭੱਟ ਵਹੀ ਮੁਲਤਾਨੀ ਸਿੰਧੀ ਅਨੁਸਾਰ ਭਾਈ ਜੈਤਾ ਜੀ ਨਾਲ ਗੁਰੂ ਸਾਹਿਬ ਦਾ

ਸੀਸ ਅਨੰਦਪੁਰ ਸਾਹਿਬ ਲੈ ਕੇ ਜਾਣ ਵਾਲੇ ਹੋਰ ਕਿਹੜੇ-ਕਿਹੜੇ ਸਿੱਖ ਸਨ?

- ਭਾਈ ਨਾਨੂ ਜੀ/ਨਨੂਆ ਜੀ ਅਤੇ ਭਾਈ ਊਦਾ ਜੀ।

250. ਗੁਰੂ ਸਾਹਿਬ ਦਾ ਸੀਸ ਅਨੰਦਪੁਰ ਸਾਹਿਬ ਲਿਜਾਣ ਸਮੇਂ ਭਾਈ ਜੈਤਾ ਜੀ ਅਤੇ ਉਨ੍ਹਾਂ ਦੇ ਸਾਥੀ ਸਿੱਖਾਂ ਨੇ ਰਸਤੇ ਵਿਚ ਕਿੰਨੇ ਪੜਾਅ ਕੀਤੇ?

- ਛੇ ਪੜਾਅ- ਬਾਗਪਤ (ਉੱਤਰ ਪ੍ਰਦੇਸ਼), ਬੜ ਖਾਲਸਾ* (ਜ਼ਿਲ੍ਹਾ ਸੋਨੀਪਤ, ਹਰਿਆਣਾ), ਤਰਾਵੜੀ (ਜ਼ਿਲ੍ਹਾ ਕਰਨਾਲ, ਹਰਿਆਣਾ), ਅੰਬਾਲਾ (ਹਰਿਆਣਾ), ਨਾਭਾ ਸਾਹਿਬ (ਚੰਡੀਗੜ੍ਹ ਦੇ ਨਜ਼ਦੀਕ, ਜ਼ਿਲ੍ਹਾ ਪਟਿਆਲਾ) ਅਤੇ ਕੀਰਤਪੁਰ ਸਾਹਿਬ (ਜ਼ਿਲ੍ਹਾ ਰੋਪੜ)।

251. ਕੀਰਤਪੁਰ ਸਾਹਿਬ ਵਿਚ ਮਾਤਾ ਗੁਜਰੀ ਜੀ ਨੇ ਆਪਣੇ ਗੁਰੂ ਪਤੀ ਦੇ ਸੀਸ ਨੂੰ ਮੱਥਾ ਟੇਕ ਕੇ ਕੀ ਅਰਦਾਸ ਕੀਤੀ?

- ਮਾਤਾ ਗੁਜਰੀ ਜੀ ਨੇ ਅਡੋਲਤਾ ਅਤੇ ਧੀਰਜ ਸਹਿਤ ਗੁਰੂ ਸਾਹਿਬ ਦੇ ਸੀਸ ਨੂੰ ਮੱਥਾ ਟੇਕ ਕੇ ਅਰਦਾਸ ਕੀਤੀ- 'ਤੁਹਾਡੀ ਨਿਭ ਗਈ, ਮੇਰੀ ਵੀ ਨਿਭ ਜਾਵੇ'।

252. ਗੁਰੂ ਸਾਹਿਬ ਦਾ ਸੀਸ ਦਿੱਲੀ ਤੋਂ ਲੈ ਕੇ ਆਉਣ ਵਾਲੇ ਭਾਈ ਜੈਤਾ ਜੀ ਨੂੰ ਸ੍ਰੀ

---

* ਇਸ ਪੜਾਅ ਦਾ ਵੇਰਵਾ ਸਥਾਨਕ ਰਵਾਇਤ ਅਨੁਸਾਰ ਪ੍ਰਾਪਤ ਹੁੰਦਾ ਹੈ। ਲਿਖਤ ਸ੍ਰੋਤਾਂ ਵਿਚ ਇਸ ਸਥਾਨ ਦੇ ਵੇਰਵੇ ਪ੍ਰਾਪਤ ਨਹੀਂ ਹੁੰਦੇ।

ਗੁਰੂ ਗੋਬਿੰਦ ਸਿੰਘ ਜੀ ਨੇ ਕੀ ਕਹਿ ਕੇ ਸਤਿਕਾਰ ਪ੍ਰਦਾਨ ਕੀਤਾ?

- ‘ਰੰਗਰੇਟੇ ਗੁਰੂ ਕੇ ਬੇਟੇ’ ਕਹਿ ਕੇ।

253. ਅੰਮ੍ਰਿਤ ਛਕਣ ਤੋਂ ਬਾਅਦ ਭਾਈ ਜੈਤਾ ਜੀ ਸਿੱਖ ਇਤਿਹਾਸ ਵਿਚ ਕਿਸ ਨਾਮ ਨਾਲ ਜਾਣੇ ਗਏ?

- ਬਾਬਾ ਜੀਵਨ ਸਿੰਘ ਜੀ ਦੇ ਨਾਮ ਨਾਲ।

254. ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸੀਸ ਦਾ ਸਸਕਾਰ ਕਦੋਂ ਅਤੇ ਕਿੱਥੇ ਕੀਤਾ ਗਿਆ?

- ਮਾਘ ਸੁਦੀ 10, ਸੰਮਤ 1732 ਬਿਕਰਮੀ (16 ਨਵੰਬਰ, 1675 ਈ.) ਨੂੰ ਅਨੰਦਪੁਰ ਸਾਹਿਬ ਵਿਖੇ ਜਿੱਥੇ ਹੁਣ ਗੁਰਦੁਆਰਾ ਸੀਸਗੰਜ ਸਾਹਿਬ ਮੌਜੂਦ ਹੈ।

255. ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਅਸਥਾਨ ਦੀ ਖੋਜ ਕਿਸ ਪ੍ਰਕਾਰ ਕੀਤੀ ਗਈ?

- ਜਿਸ ਬੋਹੜ ਦੇ ਹੇਠਾਂ ਗੁਰੂ ਸਾਹਿਬ ਦੀ ਸ਼ਹੀਦੀ ਹੋਈ ਸੀ, ਉਸ ਸਥਾਨ ਦੀ ਸਨਾਖ਼ਤ ਸਰਦਾਰ ਬਘੇਲ ਸਿੰਘ ਕਰੋੜਸਿੰਘੀਆ ਨੇ ਮਾਰਚ, 1783 ਈ. ਵਿਚ ਦਿੱਲੀ ਜਿੱਤਣ ਤੋਂ ਬਾਅਦ ਇਕ ਬਜ਼ੁਰਗ ਮੁਸਲਿਮ ਮਾਸ਼ਕੀ ਔਰਤ (ਪਾਣੀ ਢੋਣ ਵਾਲੀ) ਤੋਂ ਕਰਵਾਈ ਜਿਸ ਦੇ ਪਿਤਾ ਨੇ ਸ਼ਹੀਦੀ ਤੋਂ ਬਾਅਦ ਪਾਣੀ ਨਾਲ

ਸ਼ਹੀਦੀ ਵਾਲੇ ਸਥਾਨ ਨੂੰ ਸਾਫ਼ ਕੀਤਾ ਸੀ।

256. ਸਰਦਾਰ ਬਘੇਲ ਸਿੰਘ ਦੇ ਸਮੇਂ ਸਨਾਖਤ ਹੋਣ ਵਾਲੇ ਗੁਰੂ ਸਾਹਿਬ ਦੇ ਸ਼ਹੀਦੀ ਅਸਥਾਨ ’ਤੇ ਕੀ ਮੌਜੂਦ ਸੀ?

- ਉਸ ਸਮੇਂ ਇਸ ਅਸਥਾਨ ’ਤੇ ਮਸਜਿਦ ਮੌਜੂਦ ਸੀ ਜਿਸ ਦੀ ਜਗ੍ਹਾ ਦੇ ਅੱਧ ਵਿਚਕਾਰ ਕੰਧ ਕਢਵਾ ਕੇ ਸਰਦਾਰ ਬਘੇਲ ਸਿੰਘ ਨੇ ਗੁਰਦੁਆਰਾ ਸਾਹਿਬ ਦਾ ਨਿਰਮਾਣ ਕਰਵਾਇਆ। ਇਸ ਦੇ ਬਿਲਕੁਲ ਨਾਲ ਹੀ ਚਾਂਦਨੀ ਚੌਕ ਦੀ ਕੋਤਵਾਲੀ ਮੌਜੂਦ ਸੀ ਜਿਸ ਦਾ ਅੱਧਾ ਹਿੱਸਾ 1971 ਈ. ਵਿਚ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੁਆਰਾ ਖਰੀਦਿਆ ਗਿਆ ਅਤੇ ਇਸ ਦਾ ਬਾਕੀ ਅੱਧਾ ਹਿੱਸਾ 1985 ਈ. ਵਿਚ ਭਾਰਤ ਸਰਕਾਰ ਨੇ ਖੁਦ ਹੀ ਗੁਰਦੁਆਰਾ ਸੀਸ ਗੰਜ ਸਾਹਿਬ ਨੂੰ ਦੇ ਦਿੱਤਾ।

257. ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਧੜ ਦਾ ਅੰਤਿਮ ਸਸਕਾਰ ਕਿਸ ਗੁਰਸਿੱਖ ਦੁਆਰਾ ਕੀਤਾ ਗਿਆ?

- ਭਾਈ ਲੱਖੀ ਸ਼ਾਹ ਵਣਜਾਰਾ ਦੁਆਰਾ।

258. ਚਾਂਦਨੀ ਚੌਕ ਤੋਂ ਗੁਰੂ ਸਾਹਿਬ ਦਾ ਧੜ ਚੁੱਕਣ ਵਿਚ ਭਾਈ ਲੱਖੀ ਸ਼ਾਹ ਵਣਜਾਰਾ ਦੀ ਕਿਹੜੇ ਸਿੱਖਾਂ ਨੇ ਮਦਦ ਕੀਤੀ?

- ਭਾਈ ਹੇਮਾ, ਭਾਈ ਨਗਾਹੀਆ, ਭਾਈ ਹਾੜ੍ਹੀ ਅਤੇ ਭਾਈ ਧੂਮਾ ਨੇ। (ਭਾਈ ਹੇਮਾ, ਭਾਈ ਨਗਾਹੀਆ ਅਤੇ ਭਾਈ ਹਾੜ੍ਹੀ- ਇਹ ਤਿੰਨੋਂ ਭਾਈ ਲੱਖੀ ਸ਼ਾਹ

ਵਣਜਾਰਾ ਦੇ ਪੁੱਤਰ ਸਨ।)

259. ਭਾਈ ਲੱਖੀ ਸ਼ਾਹ ਵਣਜਾਰਾ ਨੇ ਗੁਰੂ ਸਾਹਿਬ ਦੇ ਧੜ ਦਾ ਅੰਤਿਮ ਸਸਕਾਰ ਕਿਵੇਂ ਕੀਤਾ?

➢ ਭਾਈ ਲੱਖੀ ਸ਼ਾਹ ਵਣਜਾਰਾ, ਆਪਣੇ ਸਿੱਖ ਸਾਥੀਆਂ ਦੀ ਮਦਦ ਨਾਲ ਗੁਰੂ ਸਾਹਿਬ ਦੇ ਧੜ ਨੂੰ, ਆਪਣੇ ਸ਼ਾਹੀ ਸਮਾਨ ਢੋਣ ਵਾਲੇ ਗੱਡਿਆਂ ਵਿਚ ਲੁਕਾ ਕੇ ਰਾਇਸੀਨਾ ਪਿੰਡ ਵਿਚ ਸਥਿਤ ਆਪਣੇ ਘਰ ਲੈ ਗਏ। ਉੱਥੇ ਗੁਰੂ ਸਾਹਿਬ ਦੇ ਧੜ ਦਾ ਸਸਕਾਰ ਕਰਨ ਤੋਂ ਬਾਅਦ ਆਪਣੇ ਘਰ ਨੂੰ ਅੱਗ ਲਗਾ ਦਿੱਤੀ ਤਾਂ ਕਿ ਮੁਗ਼ਲ ਹਕੂਮਤ ਨੂੰ ਘਰ ਸੜ ਜਾਣ ਦਾ ਭੁਲੇਖਾ ਲੱਗ ਜਾਵੇ।

260. ਭੱਟ ਵਹੀ ਜਾਦੋਵੰਸੀਆਂ ਅਨੁਸਾਰ ਗੁਰੂ ਸਾਹਿਬ ਦੇ ਧੜ ਦਾ ਅੰਤਿਮ ਸਸਕਾਰ ਕਦੋਂ ਕੀਤਾ ਗਿਆ?

➢ ਮੱਘਰ ਸੁਦੀ 6, ਸੰਮਤ 1732 ਬਿਕਰਮੀ (12 ਨਵੰਬਰ, 1675 ਈ.), ਦਿਨ ਸ਼ੁੱਕਰਵਾਰ ਨੂੰ।

261. ਭਾਈ ਲੱਖੀ ਸ਼ਾਹ ਵਣਜਾਰੇ ਅਤੇ ਉਨ੍ਹਾਂ ਦੇ ਸਾਥੀਆਂ ਦੇ ਅਦੁੱਤੀ ਸਾਹਸੀ ਕਾਰਨਾਮੇ ਸੰਬੰਧੀ ਸਿੱਖ ਪ੍ਰੰਪਰਾ ਵਿਚ ਕਿਹੜੀਆਂ ਕਾਵਿਕ ਪੰਕਤੀਆਂ ਪ੍ਰਚਲਿਤ ਹਨ?

➢ ਚਲਾ ਚਲਾਈ ਹੋ ਰਹੀ, ਗਢ ਗਢ ਉਖਰੇ ਮੇਖ।
ਲੱਖੀ ਨਗਾਹੀਆ ਲੈ ਗਏ, ਤੂੰ ਖੜਾ ਤਮਾਸ਼ਾ ਵੇਖ।

262. ਉਪਰੋਕਤ ਪੰਕਤੀਆਂ ਕਿਸ ਦੁਆਰਾ ਰਚਿਤ ਹਨ?

- ਭੱਟ ਕੇਸੋ ਦੁਆਰਾ।

263. ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਧੜ ਦੇ ਸਸਕਾਰ ਵਾਲੀ ਥਾਂ 'ਤੇ ਕਿਹੜਾ ਗੁਰਦੁਆਰਾ ਸੁਸ਼ੋਭਿਤ ਹੈ?

- ਗੁਰਦੁਆਰਾ ਰਕਾਬਗੰਜ ਸਾਹਿਬ, ਨਵੀਂ ਦਿੱਲੀ। (ਪਹਿਲਾਂ ਇਹ ਗੁਰਦੁਆਰਾ ਸਾਹਿਬ ਰਾਇਸੀਨਾ ਪਿੰਡ ਵਿਚ ਮੌਜੂਦ ਸੀ। 1911 ਈ. ਵਿਚ ਅੰਗ੍ਰੇਜ਼ ਸਰਕਾਰ ਦੁਆਰਾ ਆਪਣੀ ਰਾਜਧਾਨੀ ਕਲਕੱਤਾ ਤੋਂ ਬਦਲ ਕੇ, ਰਾਇਸੀਨਾ ਪਿੰਡ ਅਤੇ ਰਾਇਸੀਨਾ ਹਿਲ ਦੇ ਖੇਤਰ ਨੂੰ ਆਪਣੀ ਨਵੀਂ ਰਾਜਧਾਨੀ ਬਣਾਉਣ ਲਈ ਚੁਣਿਆ ਗਿਆ ਜਿਥੇ ਨਵੀਂ ਦਿੱਲੀ ਆਬਾਦ ਕਰਕੇ ਇਸਨੂੰ ਆਪਣੀ ਰਾਜਧਾਨੀ ਬਣਾਇਆ ਗਿਆ।)

264. ਗੁਰੂ ਗੋਬਿੰਦ ਸਿੰਘ ਜੀ ਨੇ ਨੌਵੇਂ ਪਾਤਸ਼ਾਹ ਦੀ ਸ਼ਹੀਦੀ ਨੂੰ ਕਿਸ ਰੂਪ ਵਿਚ ਚਿਤ੍ਰਿਤ ਕੀਤਾ ਹੈ?

- ਕਲਯੁੱਗ ਦੇ ਵੱਡੇ ਸਾਕੇ ਦੇ ਰੂਪ ਵਿਚ। (ਕੀਨੋ ਬਡੋ ਕਲੂ ਮਹਿ ਸਾਕਾ॥)

265. ਗੁਰੂ ਗੋਬਿੰਦ ਸਿੰਘ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ ਕਾਰਨ ਕੀ ਸੀ?

- ਧਾਰਮਿਕ ਆਜ਼ਾਦੀ ਦੀ ਰੱਖਿਆ (ਧਰਮ ਹੇਤ ਸਾਕਾ ਜਿਨ ਕੀਆ॥)

266. ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਰਧਾਲੂ ਨਵਾਬ ਸੈਫ਼ ਖ਼ਾਨ ਨੇ ਗੁਰੂ ਜੀ ਦੀ ਸ਼ਹੀਦੀ ਦਾ ਕਿਸ ਪ੍ਰਕਾਰ ਸੋਗ ਮਨਾਇਆ?

- ਨਵਾਬ ਸੈਫ਼ ਖ਼ਾਨ ਨੇ ਗੁਰੂ ਜੀ ਦੀ ਸ਼ਹੀਦੀ ਦਾ 40 ਦਿਨ ਸੋਗ ਮਨਾਇਆ ਅਤੇ ਮਾਤਮੀ ਲਿਬਾਸ (ਸੋਗ ਜਾਂ ਦੁੱਖ ਪ੍ਰਗਟ ਕਰਨ ਲਈ ਪਹਿਨਿਆ ਜਾਣ ਵਾਲਾ ਲਿਬਾਸ) ਪਹਿਨਿਆ।

267. ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਚਾਂਦਨੀ ਚੌਂਕ ਦੀ ਕੋਤਵਾਲੀ ਦੇ ਦਰੋਗਾ ਖ਼ਵਾਜ਼ਾ ਅਬਦੁੱਲਾ ’ਤੇ ਕੀ ਅਸਰ ਪਿਆ?

- ਗੁਰੂ ਜੀ ਦੀ ਸ਼ਹਾਦਤ ਤੋਂ ਬਾਅਦ ਖ਼ਵਾਜ਼ਾ ਅਬਦੁੱਲਾ ਆਪਣੀ ਨੌਕਰੀ ਤੋਂ ਅਸਤੀਫ਼ਾ ਦੇ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਸ੍ਰੀ ਅਨੰਦਪੁਰ ਸਾਹਿਬ ਆ ਗਿਆ ਅਤੇ ਉਸ ਦੇ ਪੁੱਤਰ ਵੀ ਗੁਰੂ ਦਰਬਾਰ ਵਿਚ ਹੀ ਰਹੇ।

268. ‘ਮਆਸਿਰਿ ਆਲਮਗੀਰੀ’ ਨਾਮਕ ਸ੍ਰੋਤ ਵਿਚ ਗੁਰੂ ਜੀ ਦੀ ਸ਼ਹਾਦਤ ਤੋਂ ਬਾਅਦ ਸਿੱਖਾਂ ਵੱਲੋਂ ਹੋਏ ਪ੍ਰਤੀਕਰਮ ਦੀਆਂ ਕਿਹੜੀਆਂ ਤਿੰਨ ਘਟਨਾਵਾਂ ਪ੍ਰਾਪਤ ਹੁੰਦੀਆਂ ਹਨ?

- (ੳ) 24 ਜੂਨ, 1676 ਈ. ਨੂੰ ਚਾਂਦਨੀ ਚੌਂਕ ਵਿਚ ਔਰਗਜ਼ੇਬ ਦੇ ਘੋੜੇ ’ਤੇ ਚੜ੍ਹਨ ਸਮੇਂ ਇਕ ਸਿੱਖ ਵਲੋਂ ਉਸ ਵੱਲ ਸੋਟੀ ਵਗਾਹ ਕੇ ਮਾਰੀ ਗਈ ਜੋ ਉਸ ਦੇ ਅੰਗ ਰੱਖਿਅਕ ਦੀ ਛੱਤਰੀ ’ਤੇ ਵੱਜੀ।

  (ਅ) 19 ਅਕਤੂਬਰ, 1676 ਈ. ਨੂੰ ਨਵਾਜ ਪੜ੍ਹ ਕੇ ਵਾਪਸ ਜਾ ਰਹੇ ਔਰੰਗਜ਼ੇਬ ਉੱਪਰ ਇਕ ਸਿੱਖ ਨੇ ਕ੍ਰਿਪਾਨ ਨਾਲ ਹਮਲਾ ਕੀਤਾ ਜਿਸ ਨਾਲ

ਉਸ ਦੇ ਅੰਗ ਰੱਖਿਅਕ ਦੀ ਉਂਗਲ ਵੱਢੀ ਗਈ।

(ੲ) 27 ਅਕਤੂਬਰ, 1676 ਈ. ਨੂੰ ਜੁੰਮੇ ਦੀ ਨਮਾਜ਼ ਪੜ੍ਹਨ ਤੋਂ ਬਾਅਦ ਕਿਸ਼ਤੀ ਵਿਚ ਸਵਾਰ ਹੋਣ ਸਮੇਂ ਇਕ ਸਿੱਖ ਵੱਲੋਂ ਔਰੰਗਜ਼ੇਬ ਵੱਲ ਦੋ ਇੱਟਾਂ ਵਗਾਹ ਕੇ ਮਾਰੀਆਂ ਗਈਆਂ।

269. ਪ੍ਰਿੰ. ਸਤਿਬੀਰ ਸਿੰਘ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ ਤੁਲਨਾ ਕਿਸ ਨਾਲ ਕੀਤੀ ਹੈ?

- ਫਿਨਿਕਸ ਨਾਮ ਦੇ ਪੰਛੀ ਨਾਲ, ਜੋ ਆਪਣੇ ਅੰਤਿਮ ਸਮੇਂ ’ਤੇ ਤੀਲੇ-ਤੀਲੇ ਇਕੱਠੇ ਕਰਕੇ ਉਸ ਦੀ ਅੱਗ ਵਿਚ ਆਪਣੇ ਆਪ ਨੂੰ ਸਾੜ ਦਿੰਦਾ ਹੈ ਅਤੇ ਇਸ ਦੀ ਰਾਖ ਵਿਚੋਂ ਨਿਕਲੇ ਅੰਡੇ ਤੋਂ ਫੀਨਿਕਸ ਵਰਗਾ ਹੀ ਪੰਛੀ ਪੈਦਾ ਹੁੰਦਾ ਹੈ। ਬਿਲਕੁਲ ਇਸੇ ਤਰ੍ਹਾਂ ਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਵਿਚੋਂ ਉਨ੍ਹਾਂ ਵਰਗਾ ਹੀ ਨਿਡਰ ਅਤੇ ਮਜ਼ਲੂਮਾਂ ਦਾ ਰੱਖਿਅਕ ਖਾਲਸਾ ਪੈਦਾ ਹੋਇਆ।

270. ‘ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ ਸਭ ਥਾਈ ਹੋਇ ਸਹਾਇ’ ਵਾਲੀ ਤੁਕ ਕਿਸ ਰਚਨਾ ਵਿਚੋਂ ਹੈ ਅਤੇ ਇਸ ਦੇ ਰਚਨਾਕਾਰ ਕੌਣ ਹਨ?

- ਸ੍ਰੀ ਦਸਮ ਗ੍ਰੰਥ ਵਿਚ ਦਰਜ ਚੰਡੀ ਦੀ ਵਾਰ ਦੇ ਪਹਿਲੇ ਬੰਦ ਵਿਚੋਂ, ਰਚਨਾਕਾਰ- ਸ੍ਰੀ ਗੁਰੂ ਗੋਬਿੰਦ ਸਿੰਘ ਜੀ।

271. ‘ਪ੍ਰਗਟ ਭਏ ਗੁਰ ਤੇਗ ਬਹਾਦਰ, ਸਗਲ ਸ੍ਰਿਸਟ ਪੈ ਢਾਪੀ ਚਾਦਰ’ ਵਾਲੀ ਪੰਕਤੀ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ‘ਸ੍ਰਿਸ਼ਟੀ ਦੀ ਚਾਦਰ’ ਕਿਸ

ਕਵੀ ਨੇ ਕਿਹਾ ਹੈ ਅਤੇ ਇਹ ਪੰਕਤੀ ਕਿਸ ਗ੍ਰੰਥ ਵਿਚੋਂ ਹੈ?

- ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ 'ਸ੍ਰਿਸ਼ਟੀ ਦੀ ਚਾਦਰ' ਕਵੀ ਸੈਨਾਪਤਿ ਨੇ ਕਿਹਾ ਹੈ ਅਤੇ ਇਹ ਪੰਕਤੀ 'ਸ੍ਰੀ ਗੁਰ ਸੋਭਾ' ਨਾਮਕ ਗ੍ਰੰਥ ਵਿਚੋਂ ਹੈ।

272. ਭਾਈ ਨੰਦ ਲਾਲ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸਿਫਤ ਕਿਸ ਪ੍ਰਕਾਰ ਕੀਤੀ ਹੈ?

- ਭਾਈ ਨੰਦ ਲਾਲ ਜੀ ਲਿਖਦੇ ਹਨ ਕਿ ਸੱਚ ਦੀਆਂ ਪਵਿੱਤਰ ਕਿਰਨਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਵਜੂਦ ਸਦਕਾ ਰੌਸ਼ਨ ਹਨ ਅਤੇ ਦੋਵੇਂ ਜਹਾਨ ਉਨ੍ਹਾਂ ਦੀ ਮਿਹਰ ਬਖ਼ਸ਼ਿਸ਼ ਨਾਲ ਰੌਸ਼ਨ ਹਨ। (ਅਨਵਾਰਿ ਹੱਕ ਅਜ਼ ਵਜੂਦਿ ਪਾਕਿਸ਼ ਰੌਸ਼ਨ। ਹਰ ਦੋ ਆਲਮ ਜ਼ਿ ਫ਼ੈਜ਼ਿ ਫ਼ਜ਼ਲਸ਼ ਰੌਸ਼ਨ ।)

*****

# ਭਾਗ ਦੂਸਰਾ:

# ਸ੍ਰੀ ਗੁਰੂ ਤੇਗ ਬਹਾਦਰ ਜੀ: ਬਾਣੀ ਅਤੇ ਵਿਚਾਰਧਾਰਾ

273. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਕਿੰਨੀ ਬਾਣੀ ਦਰਜ ਹੈ?

- 59 ਸ਼ਬਦ ਅਤੇ 57 ਸਲੋਕ।

274. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਕਿਸ ਨੇ ਅਤੇ ਕਿੱਥੇ ਦਰਜ ਕੀਤੀ?

- ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਲਵੰਡੀ ਸਾਬੋ (ਜ਼ਿਲ੍ਹਾ ਬਠਿੰਡਾ) ਨਾਮਕ ਸਥਾਨ 'ਤੇ ਦਰਜ ਕੀਤੀ।

275. ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਿੰਨੇ ਰਾਗਾਂ ਵਿਚ ਬਾਣੀ ਉਚਾਰੀ?

- 15 ਰਾਗਾਂ ਵਿਚ।

276. ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਬਾਣੀ ਕਿਸ ਭਾਸ਼ਾ ਵਿਚ ਉਚਾਰਨ ਕੀਤੀ ਹੈ?

- ਮੁੱਖ ਰੂਪ ਵਿਚ ਬ੍ਰਜ ਭਾਸ਼ਾ ਅਤੇ ਕੁਝ ਹੱਦ ਤੱਕ ਸਧੁੱਕੜੀ ਭਾਸ਼ਾ।

277. ਨੌਵੇਂ ਪਾਤਸ਼ਾਹ ਦੀ ਬਾਣੀ ਵਿਚ ਦੁਪਦਿਆਂ ਅਤੇ ਤਿਪਦਿਆਂ (ਤਿੰਨ ਪਦਿਆਂ) ਦੀ ਗਿਣਤੀ ਕਿੰਨੀ ਹੈ?

- ਦੁਪਦੇ- 38, ਤਿਪਦੇ- 21

278. ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਕਿਹੜੀ ਬਾਣੀ ਦਾ ਪਾਠ, ਅਖੰਡ ਪਾਠ ਦੇ ਭੋਗ ਸਮੇਂ ਪਾਠੀ ਸਿੰਘਾਂ ਦੁਆਰਾ ਦਿੱਲ ਖਿੱਚਵੀਂ ਲੈਅ ਵਿਚ ਕੀਤਾ ਜਾਂਦਾ ਹੈ?

- ‘ਸਲੋਕ ਵਾਰਾਂ ਤੇ ਵਧੀਕ’ ਸਿਰਲੇਖ ਅਧੀਨ ਦਰਜ 'ਸਲੋਕ ਮਹਲਾ ੯' ਦੇ 57 ਸਲੋਕਾਂ ਦਾ।

279. ‘ਸਲੋਕ ਮਹਲਾ ੯’ ਦੇ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਿਸ ਅੰਗ ਤੋਂ ਲੈ ਕੇ ਕਿਸ ਅੰਗ ਤੱਕ ਮੌਜੂਦ ਹਨ?

- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ਨੰ. 1426 ਤੋਂ 1429 ਤੱਕ।

280. ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿਹੜਾ ਨਵਾਂ ਰਾਗ ਸ਼ਾਮਿਲ ਕੀਤਾ? ਇਸ ਰਾਗ ਵਿਚ ਗੁਰੂ ਸਾਹਿਬ ਦੇ ਕਿੰਨੇ ਸ਼ਬਦ ਹਨ?

- ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜੈਜਾਵੰਤੀ ਨਾਮਕ ਨਵਾਂ ਰਾਗ ਸ਼ਾਮਿਲ ਕੀਤਾ। ਇਸ ਰਾਗ ਵਿਚ ਗੁਰੂ ਸਾਹਿਬ ਦੇ 4 ਸ਼ਬਦ ਹਨ।

281. ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਭ ਤੋਂ ਵੱਧ ਸ਼ਬਦ ਕਿਸ ਰਾਗ ਵਿਚ ਹਨ?

- ਸੋਰਠਿ ਰਾਗ ਵਿਚ, 12 ਸ਼ਬਦ।

282. ਨੌਵੇਂ ਪਾਤਸ਼ਾਹ ਦੇ ਸ਼ਬਦਾਂ ਦੀ ਸਭ ਤੋਂ ਘੱਟ ਗਿਣਤੀ ਕਿਸ ਰਾਗ ਵਿਚ ਹੈ?

- ਆਸਾ, ਬਿਹਾਗੜਾ ਅਤੇ ਟੋਡੀ ਰਾਗ ਵਿਚ, ਹਰ ਰਾਗ ਵਿਚ 1-1 ਸ਼ਬਦ

283. ਕਿਹੜੇ ਰਾਗਾਂ ਵਿਚ ਗੁਰੂ ਜੀ ਦੇ 4-4 ਸ਼ਬਦ ਹਨ?

- ਧਨਾਸਰੀ, ਸਾਰੰਗ ਅਤੇ ਜੈਜਾਵੰਤੀ ਰਾਗ ਵਿਚ।

284. ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 3-3 ਸ਼ਬਦ ਕਿਨ੍ਹਾਂ ਰਾਗਾਂ ਵਿਚ ਹਨ?

- ਦੇਵਗੰਧਾਰੀ, ਜੈਤਸਰੀ, ਤਿਲੰਗ, ਬਿਲਾਵਲ, ਰਾਮਕਲੀ ਅਤੇ ਮਾਰੂ ਰਾਗਾਂ ਵਿਚ।

285. ਗਉੜੀ ਅਤੇ ਬਸੰਤ ਰਾਗ ਵਿਚ ਗੁਰੂ ਜੀ ਦੇ ਕਿੰਨੇ-ਕਿੰਨੇ ਸ਼ਬਦ ਹਨ?

- ਰਾਗ ਗਉੜੀ- 9 ਸ਼ਬਦ
  ਰਾਗ ਬਸੰਤ- 5 ਸ਼ਬਦ (4 ਸ਼ਬਦ ਰਾਗ ਬਸੰਤ+ 1 ਸ਼ਬਦ ਰਾਗ ਹਿੰਡੋਲ)

286. ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸਮੁੱਚੀ ਬਾਣੀ ਵਿਚ ਮਨੁੱਖ ਨੂੰ ਕੀ ਸੰਦੇਸ਼ ਪ੍ਰਦਾਨ ਕੀਤਾ ਗਿਆ ਹੈ?

- ਨਾਸਵੰਤ ਸੰਸਾਰ ਦੀ ਮਾਇਆ ਦਾ ਮੋਹ ਤਿਆਗ ਕੇ ਮਨੁੱਖਾ ਜਨਮ ਸਫਲ ਕਰਨ ਲਈ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਨ ਦਾ ਸੰਦੇਸ਼।

287. ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਮੁੱਖ ਰੂਪ ਵਿਚ ਕਿਹੜੀਆਂ ਪ੍ਰਵਿਰਤੀਆਂ ਸਾਹਮਣੇ ਆਉਂਦੀਆਂ ਹਨ?

- ਬੈਰਾਗ ਭਾਵਨਾ ਅਤੇ ਭਗਤੀ ਭਾਵਨਾ।

288. ਗੁਰੂ ਸਾਹਿਬ ਦੀ ਬਾਣੀ ਵਿਚ ਦ੍ਰਿਸ਼ਟਾਂਤ ਰੂਪ ਵਿਚ ਕਿਹੜੇ-ਕਿਹੜੇ ਪੌਰਾਣਿਕ ਪਾਤਰਾਂ ਦੇ ਨਾਮ ਆਉਂਦੇ ਹਨ?

- ਪਾਂਚਾਲੀ (ਦ੍ਰੋਪਦੀ), ਅਜਾਮਲ, ਗਨਿਕਾ (ਗਨਕਾ), ਸੁਦਾਮਾ, ਧ੍ਰੂਅ, ਗਜ (ਹਾਥੀ), ਨਾਰਦ ਆਦਿ।

289. ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਪਰਮਾਤਮਾ ਲਈ ਕਿਹੜੇ-ਕਿਹੜੇ ਗੁਣਾਤਮਕ ਅਤੇ ਕਿਰਤਮ ਨਾਵਾਂ ਦੀ ਵਰਤੋਂ ਕੀਤੀ ਹੈ?

- ਹਰਿ, ਰਾਮ, ਨਾਰਾਇਣ, ਗੋਬਿੰਦ, ਭਗਵੰਤ, ਰਘੁਨਾਥ, ਮਾਧਉ (ਮਾਧੌ, ਮਾਧਵ) ਆਦਿ।

290. ਅਕਾਲ ਪੁਰਖ ਦੇ ਕਿਹੜੇ-ਕਿਹੜੇ ਗੁਣ ਗੁਰੂ ਸਾਹਿਬ ਨੇ ਦੱਸੇ ਹਨ?

- ਅਕਾਲ ਪੁਰਖ ਭਗਤਾਂ ਦਾ ਰੱਖਿਅਕ, ਦਇਆਲੂ, ਪਾਪੀਆਂ ਦਾ ਉਧਾਰ ਕਰਨ ਵਾਲਾ, ਗਰੀਬਾਂ ਦਾ ਮਿੱਤਰ ਅਤੇ ਦੁੱਖਾਂ-ਡਰਾਂ ਦਾ ਨਾਸ ਕਰਨ ਵਾਲਾ ਅਨਾਥਾਂ ਦਾ ਨਾਥ ਹੈ।

291. ਗੁਰੂ ਸਾਹਿਬ ਨੇ ਪਰਮਾਤਮਾ ਦੇ ਸਰੂਪ ਨੂੰ ਕਿਸ ਪ੍ਰਕਾਰ ਵਿਅਕਤ ਕੀਤਾ ਹੈ?

- ਗੁਰੂ ਸਾਹਿਬ ਅਨੁਸਾਰ ਉਸ ਪਰਮਾਤਮਾ ਦਾ ਕੋਈ ਵੀ ਭੇਦ ਨਹੀਂ ਪਾ ਸਕਦਾ। ਵੱਡੇ-ਵੱਡੇ ਜੋਗੀ, ਜਤੀ, ਤਪੀ ਅਤੇ ਸਿਆਣੇ ਪਰਮਾਤਮਾ ਦਾ ਭੇਦ ਪਾਉਣ ਦੀ ਕੋਸ਼ਿਸ਼ ਕਰ ਕਰ ਕੇ ਥੱਕ-ਹਾਰ ਗਏ ਹਨ।

292. ਸ੍ਰੀ ਗੁਰੂ ਤੇਗ ਬਹਾਦਰ ਜੀ ਦੁਆਰਾ ਅਕਾਲ ਪੁਰਖ ਦੀ ਸਮਰੱਥਾ ਨੂੰ ਬਿਹਾਗੜਾ ਰਾਗ ਵਿਚ ਕਿਸ ਪ੍ਰਕਾਰ ਪ੍ਰਗਟ ਕੀਤਾ ਗਿਆ ਹੈ?

- ਅਕਾਲ ਪੁਰਖ ਥੋੜੇ ਜਿਹੇ ਸਮੇਂ ਵਿਚ ਹੀ ਰੰਕ ਨੂੰ ਰਾਜਾ ਅਤੇ ਰਾਜੇ ਨੂੰ ਰੰਕ ਬਣਾ ਦਿੰਦਾ ਹੈ। ਉਹ ਖਾਲੀਆਂ ਨੂੰ ਭਰ ਦਿੰਦਾ ਹੈ ਅਤੇ ਭਰਿਆਂ ਨੂੰ ਖਾਲੀ ਕਰ ਦਿੰਦਾ ਹੈ। ਉਹ ਅਨੇਕਾਂ ਰੂਪਾਂ ਵਿਚ ਮੌਜੂਦ ਹੁੰਦਾ ਹੋਇਆ ਵੀ ਸਭ ਤੋਂ ਵੱਖਰਾ ਰਹਿੰਦਾ ਹੈ।

293. ਸ੍ਰੀ ਗੁਰੂ ਤੇਗ ਬਹਾਦਰ ਜੀ ਅਨੁਸਾਰ ਪਰਮਾਤਮਾ ਨੂੰ ਵਣਾਂ-ਜੰਗਲਾਂ ਵਿਚ ਲੱਭਣ ਦੀ ਜ਼ਰੂਰਤ ਕਿਉਂ ਨਹੀਂ?

- ਪਰਮਾਤਮਾ ਨੂੰ ਵਣਾਂ-ਜੰਗਲਾਂ ਵਿਚ ਲੱਭਣ ਦੀ ਜ਼ਰੂਰਤ ਨਹੀਂ ਕਿਉਂਕਿ ਪਰਮਾਤਮਾ ਦਾ ਵਾਸਾ ਮਨੁੱਖ ਦੇ ਅੰਦਰ ਹੀ ਹੈ।

294. ਪਰਮਾਤਮਾ ਮਨੁੱਖ ਦੇ ਅੰਦਰ ਕਿਸ ਪ੍ਰਕਾਰ ਮੌਜੂਦ ਹੈ?

- ਪਰਮਾਤਮਾ ਮਨੁੱਖ ਦੇ ਅੰਦਰ ਇਸ ਪ੍ਰਕਾਰ ਮੌਜੂਦ ਹੈ ਜਿਵੇਂ ਫੁੱਲਾਂ ਵਿਚ

ਖ਼ੁਸ਼ਬੂ ਅਤੇ ਸ਼ੀਸ਼ੇ ਵਿਚ ਪਰਛਾਵਾਂ ਮੌਜੂਦ ਹੁੰਦਾ ਹੈ।

295. ਪਰਮਾਤਮਾ ਦੇ ਅਜਿਹੇ ਸਰੂਪ ਦੀ ਸਮਝ ਕਿਸ ਪ੍ਰਕਾਰ ਆਉਂਦੀ ਹੈ?

- ਪੂਰੇ ਗੁਰੂ ਦੇ ਬਖਸ਼ੇ ਗਿਆਨ ਦੁਆਰਾ।

296. ਗੁਰੂ ਉਪਦੇਸ਼ ਦੀ ਮਹਾਨਤਾ ਨੂੰ ਗੁਰੂ ਸਾਹਿਬ ਨੇ ਕਿਸ ਪ੍ਰਕਾਰ ਦਰਸਾਇਆ ਹੈ?

- ਗੁਰੂ ਉਪਦੇਸ਼ ਨੂੰ ਮਨ ਵਿਚ ਧਾਰਨ ਕੀਤੇ ਬਿਨਾਂ ਬਾਹਰੀ ਜੋਗ (ਧਾਰਮਿਕ ਕਰਮ-ਕਾਂਡ) ਅਤੇ ਸਿਰ ਮੁੰਨਾ ਕੇ ਭਗਵੇਂ ਬਸਤਰ ਧਾਰਨ ਕਰਨੇ ਆਦਿ ਕਿਸੇ ਅਰਥ ਵਿਚ ਨਹੀਂ ਹਨ।

297. ਜਗਤ ਦੀ ਰਚਨਾ ਨੂੰ ਗੁਰੂ ਸਾਹਿਬ ਨੇ ਕਿਸ ਰੂਪ ਵਿਚ ਪੇਸ਼ ਕੀਤਾ ਹੈ?

- ਬੱਦਲਾਂ ਦੀ ਛਾਂ, ਧੂੰਏਂ ਦੇ ਪਹਾੜ ਅਤੇ ਪਾਣੀ ਦੇ ਬੁਲਬੁਲੇ ਦੀ ਥੋੜ੍ਹ-ਚਿਰੀ ਹੋਂਦ ਦੇ ਰੂਪ ਵਿਚ।

298. ਧਨ-ਪਦਾਰਥ ਅਤੇ ਮਾਇਆ ਦੇ ਸੁੱਖ ਮਨੁੱਖ ਲਈ ਕਿਸ ਪ੍ਰਕਾਰ ਦੇ ਹਨ?

- ਇਹ ਸੁੱਖ ਮਨੁੱਖ ਲਈ ਰੇਤੇ ਦੀ ਬਣਾਈ ਹੋਈ ਕੰਧ ਵਾਂਗ ਹਨ ਜਿੰਨ੍ਹਾਂ ਦੀ ਹੋਂਦ ਬਹੁਤ ਥੋੜ੍ਹੇ ਸਮੇਂ ਲਈ ਹੁੰਦੀ ਹੈ।

299. ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਮਨੁੱਖ ਨੂੰ ਕਿਸ ਤਰੀਕੇ ਨਾਲ ਪਰਮਾਤਮਾ ਦੇ

ਨਾਮ ਨਾਲ ਪਿਆਰ ਕਰਨ ਪ੍ਰੇਰਨਾ ਦਿੱਤੀ ਹੈ?

- ਮੱਛੀ ਦੁਆਰਾ ਪਾਣੀ ਨੂੰ ਪਿਆਰ ਕਰਨ ਦੇ ਤਰੀਕੇ ਵਾਂਗ। ਮੱਛੀ ਦਾ ਪਾਣੀ ਨਾਲ ਇਸ ਪ੍ਰਕਾਰ ਦਾ ਪਿਆਰ ਹੁੰਦਾ ਹੈ ਕਿ ਉਹ ਪਾਣੀ ਤੋਂ ਬਿਨਾਂ ਥੋੜ੍ਹਾ ਸਮਾਂ ਵੀ ਜਿਉਂਦੀ ਨਹੀਂ ਰਹਿ ਸਕਦੀ ਹੈ। ਮਨੁੱਖ ਨੂੰ ਵੀ ਇਸੇ ਤਰ੍ਹਾਂ ਪਰਮਾਤਮਾ ਦੇ ਨਾਮ ਨੂੰ ਆਪਣੀ ਜ਼ਿੰਦਗੀ ਦਾ ਆਧਾਰ ਬਣਾਉਣਾ ਚਾਹੀਦਾ ਹੈ।

300. ਸ੍ਰੀ ਗੁਰੂ ਤੇਗ ਬਹਾਦਰ ਜੀ ਅਨੁਸਾਰ ਮਨੁੱਖੀ ਮਨ ਦੀ ਪ੍ਰਵਿਰਤੀ ਕਿਹੋ ਜਿਹੀ ਹੈ?

- ਮਨੁੱਖੀ ਮਨ ਬਹੁਤ ਚੰਚਲ ਹੁੰਦਾ ਹੈ ਜੋ ਤ੍ਰਿਸ਼ਨਾ (ਇਛਾਵਾਂ/ਕਾਮਨਾਵਾਂ) ਦੇ ਅਧੀਨ ਭਟਕਦਾ ਰਹਿੰਦਾ ਹੈ।

301. ਨੌਵੇਂ ਪਾਤਸ਼ਾਹ ਅਨੁਸਾਰ ਮਾਇਆ ਦਾ ਸਰੂਪ ਕਿਹੋ ਜਿਹਾ ਹੈ?

- ਮਾਇਆ ਦਾ ਬਾਹਰਲਾ ਰੂਪ ਬੜਾ ਸੁਹਾਵਣਾ ਅਤੇ ਖਿੱਚ ਭਰਪੂਰ ਹੈ ਪਰ ਇਸ ਦਾ ਅਸਰ ਜ਼ਹਿਰੀਲਾ ਹੈ।

302. ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸੋਰਠਿ ਰਾਗ ਵਿਚ ਦਰਜ ਸ਼ਬਦ- *'ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥'* ਅਨੁਸਾਰ ਜੀਵਨ ਮੁਕਤ ਮਨੁੱਖ ਦੀ ਅਵਸਥਾ ਕਿਹੋ ਜਿਹੀ ਹੁੰਦੀ ਹੈ?

- ਜੀਵਨ ਮੁਕਤ ਮਨੁੱਖ ਲਈ ਦੁੱਖ-ਸੁੱਖ, ਉਸਤਤ-ਨਿੰਦਿਆ, ਸੋਨਾ-ਮਿੱਟੀ,

ਮਾਨ-ਅਪਮਾਨ ਅਤੇ ਖੁਸ਼ੀ-ਗ਼ਮੀ ਇਕ ਸਮਾਨ ਹੁੰਦੇ ਹਨ। ਜੀਵਨ ਮੁਕਤ ਮਨੁੱਖ ਸਮ-ਅਵਸਥਾ ਦਾ ਧਾਰਨੀ ਹੋ ਜਾਂਦਾ ਹੈ।

303. ਜੀਵਨ ਮੁਕਤ ਵਾਲੀ ਜੁਗਤੀ ਦੀ ਸਮਝ ਕਿਸ ਮਨੁੱਖ ਨੂੰ ਆਉਂਦੀ ਹੈ?

- ਜੀਵਨ ਮੁਕਤ ਵਾਲੀ ਜੁਗਤੀ ਦੀ ਸਮਝ ਉਸ ਮਨੁੱਖ ਨੂੰ ਹੀ ਆਉਂਦੀ ਹੈ ਜਿਸ ਮਨੁੱਖ ਉੱਪਰ ਪੂਰੇ ਗੁਰੂ ਦੀ ਕਿਰਪਾ ਹੋਵੇ।

304. ਜੀਵਨ ਮੁਕਤ ਮਨੁੱਖ ਦਾ ਪਰਮਾਤਮਾ ਨਾਲ ਸੰਬੰਧ ਕਿਹੋ ਜਿਹਾ ਬਣ ਜਾਂਦਾ ਹੈ?

- ਜੀਵਨ ਮੁਕਤ ਮਨੁੱਖ ਪਰਮਾਤਮਾ ਨਾਲ ਇਸ ਪ੍ਰਕਾਰ ਅਭੇਦ ਹੋ ਜਾਂਦਾ ਹੈ ਜਿਵੇਂ ਪਾਣੀ ਨਾਲ ਪਾਣੀ ਮਿਲ ਕੇ ਇਕ ਰੂਪ ਹੋ ਜਾਂਦਾ ਹੈ। *(ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥)*

305. ਜੀਵਨ ਮੁਕਤ ਵਾਲੀ ਅਵਸਥਾ ਦੇ ਸਰੂਪ ਸੰਬੰਧੀ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕੀ ਕਿਹਾ ਹੈ?

- ਇਸ ਅਵਸਥਾ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਔਖੀ ਖੇਡ (ਕਠਨੁ ਖੇਲੁ) ਦਾ ਨਾਮ ਦਿੱਤਾ ਹੈ ਜਿਸ ਨੂੰ ਕੋਈ ਵਿਰਲਾ ਹੀ ਗੁਰਮੁਖ ਸਮਝ ਸਕਦਾ ਹੈ। *(ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ॥)*

306. ਮਨੁੱਖ ਦੇ ਆਖਰੀ ਸਮੇਂ ਵਿਚ ਉਸ ਦਾ ਮਦਦਗਾਰ ਕੌਣ ਹੁੰਦਾ ਹੈ?

- ਪਰਮਾਤਮਾ ਦਾ ਨਾਮ।

307. ਗੁਰੂ ਸਾਹਿਬ ਨੇ ਪਰਮਾਤਮਾ ਦੇ ਨਾਮ ਨੂੰ ਕਿਸ ਰੂਪ ਵਿਚ ਪੇਸ਼ ਕੀਤਾ ਹੈ?

- ਪਰਮਾਤਮਾ ਦਾ ਨਾਮ ਇਕ ਅਜਿਹੀ ਚਿੰਤਾਮਣੀ ਦੀ ਤਰ੍ਹਾਂ ਹੈ ਜੋ ਮਨੁੱਖ ਦੇ ਹਰ ਪ੍ਰਕਾਰ ਦੇ ਦੁੱਖਾਂ ਅਤੇ ਚਿੰਤਾਵਾਂ ਨੂੰ ਸਦਾ ਲਈ ਖਤਮ ਕਰ ਦਿੰਦਾ ਹੈ।

308. ਮਾਇਆ ਦੇ ਪਦਾਰਥਾਂ ਅਤੇ ਧਨ-ਸੰਪਤੀ ਦੇ ਮੋਹ ਵਿਚ ਪੈ ਕੇ ਮਨੁੱਖ ਦਾ ਇਸ ਜਗਤ ਪ੍ਰਤੀ ਦ੍ਰਿਸ਼ਟੀਕੋਣ ਕਿਹੋ ਜਿਹਾ ਹੋ ਜਾਂਦਾ ਹੈ?

- ਮਨੁੱਖ ਇਸ ਝੂਠੇ ਜਗਤ ਨੂੰ ਸੱਚਾ ਜਾਣ ਕੇ, ਜਗਤ ਨਾਲ ਪ੍ਰੀਤ ਪਾ ਲੈਂਦਾ ਹੈ।

309. ਸੁੱਖਾਂ ਦੀ ਪ੍ਰਾਪਤੀ ਦਾ ਯਤਨ ਕਰਦਾ ਹੋਇਆ ਮਨੁੱਖ ਦੁੱਖਾਂ ਵਿਚ ਕਿਵੇਂ ਪੈ ਜਾਂਦਾ ਹੈ?

- ਸੁੱਖਾਂ ਦੀ ਪ੍ਰਾਪਤੀ ਵਾਸਤੇ ਮਨੁੱਖ, ਜਗ੍ਹਾ-ਜਗ੍ਹਾ 'ਤੇ ਸੰਸਾਰੀ ਮਨੁੱਖਾਂ ਦੀ ਖ਼ੁਸ਼ਾਮਦ ਕਰਦਾ ਹੋਇਆ ਸੁੱਖ ਦੀ ਥਾਂ 'ਤੇ ਦੁੱਖ ਸਹਾਰਦਾ ਹੈ।

310. ਤ੍ਰਿਸ਼ਨਾ (ਇਛਾਵਾਂ/ਕਾਮਨਾਵਾਂ) ਦੇ ਵਸ ਹੋ ਕੇ ਮਨੁੱਖ ਦਾ ਸੁਭਾਅ ਕਿਹੋ ਜਿਹਾ ਹੋ ਜਾਂਦਾ ਹੈ?

- ਤ੍ਰਿਸ਼ਨਾ ਦੇ ਵੱਸ ਹੋ ਕੇ ਮਨੁੱਖ ਕੁੱਤੇ ਵਾਂਗ ਦਰ-ਦਰ 'ਤੇ ਭਟਕਦਾ ਰਹਿੰਦਾ ਹੈ ਅਤੇ ਉਸ ਨੂੰ ਪਰਮਾਤਮਾ ਦੇ ਸਿਮਰਨ ਦੀ ਸੋਝੀ ਨਹੀਂ ਰਹਿੰਦੀ।

311. ਪਲ ਪਲ ਕਰਕੇ (ਥੋੜ੍ਹੇ-ਥੋੜ੍ਹੇ ਸਮੇਂ ਬਾਅਦ) ਮਨੁੱਖ ਦੀ ਉਮਰ ਕਿਸ ਪ੍ਰਕਾਰ ਬੀਤ ਰਹੀ ਹੈ?

- ਮਨੁੱਖ ਦੀ ਉਮਰ ਇਸ ਪ੍ਰਕਾਰ ਬੀਤ ਰਹੀ ਹੈ ਜਿਵੇਂ ਟੁੱਟੇ ਹੋਏ ਘੜੇ ਵਿਚੋਂ ਪਾਣੀ ਸਿੰਮਦਾ ਰਹਿੰਦਾ ਹੈ।

312. ਪਰਮਾਤਮਾ ਦੇ ਗੁਣ ਨਾ ਗਾਉਣ ਵਾਲੇ ਮਨੁੱਖ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕੀ ਕਹਿ ਕੇ ਸੰਬੋਧਨ ਕੀਤਾ ਹੈ?

- ਪਰਮਾਤਮਾ ਦੇ ਗੁਣ ਨਾ ਗਾਉਣ ਵਾਲੇ ਮਨੁੱਖ ਨੂੰ ਗੁਰੂ ਸਾਹਿਬ ਨੇ ਮੂਰਖ ਅਤੇ ਅਗਿਆਨੀ ਕਹਿ ਕੇ ਸੰਬੋਧਨ ਕੀਤਾ ਹੈ। (*ਹਰਿ ਗੁਨ ਕਾਹਿ ਨ ਗਾਵਹੀ ਮੂਰਖ ਆਗਿਆਨਾ॥*)

313. ਮਨੁੱਖਾ ਸਰੀਰ ਬਾਰੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਬਾਣੀ ਵਿਚ ਕੀ ਕਿਹਾ ਹੈ?

- ਗੁਰੂ ਸਾਹਿਬ ਨੇ ਇਸ ਮਨੁੱਖਾ ਸਰੀਰ ਨੂੰ ਮਿੱਥਿਆ ਅਤੇ ਝੂਠਾ ਕਿਹਾ ਹੈ। ਕੇਵਲ ਇਸ ਸਰੀਰ ਵਿਚ ਵੱਸ ਰਿਹਾ ਪਰਮਾਤਮਾ ਹੀ ਸੱਚਾ ਹੈ।

314. ਤੀਰਥਾਂ 'ਤੇ ਇਸ਼ਨਾਨ ਕਰਨ ਵਾਲੇ ਅਤੇ ਵਰਤ ਰੱਖਣ ਵਾਲੇ ਜਿਨ੍ਹਾਂ ਲੋਕਾਂ ਦਾ ਆਪਣੇ ਮਨ ਉੱਪਰ ਕਾਬੂ ਨਹੀਂ, ਉਨ੍ਹਾਂ ਬਾਰੇ ਗੁਰੂ ਜੀ ਕੀ ਕਹਿੰਦੇ ਹਨ?

- ਅਜਿਹੇ ਲੋਕਾਂ ਦੇ ਸਾਰੇ ਧਾਰਮਿਕ ਕਰਮ, ਪਾਣੀ ਵਿਚ ਪਏ ਪੱਥਰ ਦੇ ਸੁੱਕੇ

ਰਹਿ ਜਾਣ ਵਾਂਗ, ਨਿਹਫਲ (ਕਿਸੇ ਫਲ ਤੋਂ ਰਹਿਤ/ਵਿਅਰਥ) ਹੁੰਦੇ ਹਨ ਜਿਨ੍ਹਾਂ ਦਾ ਕੋਈ ਲਾਭ ਨਹੀਂ ਹੁੰਦਾ।

315. ਮਨੁੱਖ ਦੇ ਅੰਦਰਲਾ ਕ੍ਰੋਧ ਉਸ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ?

- ਮਨੁੱਖ ਆਪਣੇ ਕ੍ਰੋਧ ਕਾਰਨ ਆਪਣੀ ਸਾਰੀ ਸੁੱਧ-ਬੁੱਧ ਗਵਾ ਲੈਂਦਾ ਹੈ।

316. ਮਨੁੱਖ ਦੁਆਰਾ ਲਾਲਚ ਅਧੀਨ ਹੋ ਕੇ ਕੀਤੇ ਗਏ ਕਰਮਾਂ ਦਾ ਕੀ ਨਤੀਜਾ ਨਿਕਲਦਾ ਹੈ?

- ਲਾਲਚ ਅਧੀਨ ਹੋ ਕੇ ਕੀਤੇ ਗਏ ਕਰਮ ਮਨੁੱਖ ਲਈ ਬੰਧਨਾਂ ਦਾ ਕਾਰਨ ਬਣਦੇ ਹਨ।

317. ਮੁਸੀਬਤ ਦੀ ਘੜੀ ਵਿਚ ਜਦੋਂ ਸਾਰੇ ਰਿਸ਼ਤੇਦਾਰ ਅਤੇ ਮਿੱਤਰ, ਮਨੁੱਖ ਦਾ ਸਾਥ ਛੱਡ ਜਾਣ ਤਾਂ ਮਨੁੱਖ ਨੂੰ ਕੀ ਕਰਨਾ ਚਾਹੀਦਾ ਹੈ?

- ਅਜਿਹੇ ਮੁਸੀਬਤ ਦੇ ਸਮੇਂ ਵਿਚ ਮਨੁੱਖ ਨੂੰ ਪਰਮਾਤਮਾ ਦਾ ਸਹਾਰਾ ਲੈਣਾ ਚਾਹੀਦਾ ਹੈ।
  *(ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ॥*
  *ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ॥)*

318. ਮੋਹ-ਮਾਇਆ ਦੇ ਪ੍ਰਭਾਵ ਅਧੀਨ ਖੋਟੀ ਮੱਤ ਅਨੁਸਾਰ ਚੱਲਣ ਵਾਲੇ ਮਨ ਦੀ ਤੁਲਨਾ ਗੁਰੂ ਸਾਹਿਬ ਨੇ ਕਿਸ ਨਾਲ ਕੀਤੀ ਹੈ?

- ਕੁੱਤੇ ਦੀ ਪੂਛ ਨਾਲ, ਜੋ ਕਦੀ ਵੀ ਸਿੱਧੀ ਨਹੀਂ ਹੁੰਦੀ।

319. ਸ੍ਰੀ ਗੁਰੂ ਤੇਗ ਬਹਾਦਰ ਜੀ ਅਨੁਸਾਰ ਮਾਇਆ ਦੇ ਭਰਮ ਅਧੀਨ ਇਸ ਜਗਤ ਦੀ ਹਾਲਤ ਕਿਹੋ ਜਿਹੀ ਹੈ?

- ਮਾਇਆ ਦੇ ਭਰਮ ਅਧੀਨ ਸੰਸਾਰ ਪਰਮਾਤਮਾ ਦੇ ਸਿਮਰਨ ਨੂੰ ਛੱਡ ਕੇ, ਪਰਿਵਾਰ ਅਤੇ ਧਨ ਪਦਾਰਥਾਂ ਦੇ ਸੁੱਖਾਂ ਵਿਚ ਮਗਨ ਹੋਇਆ ਪਿਆ ਹੈ। ਕਰੋੜਾਂ ਵਿਚੋਂ ਕੋਈ ਵਿਰਲਾ ਗੁਰਮੁਖ ਹੀ ਆਪਣੇ ਆਪੇ ਨੂੰ ਪਛਾਣਦਾ ਹੈ।

320. ਜੋਗ ਦੀ ਜੁਗਤੀ ਬਾਰੇ ਧਨਾਸਰੀ ਰਾਗ ਵਿਚ ਕਿਹੜਾ ਵਿਚਾਰ ਪ੍ਰਾਪਤ ਹੁੰਦਾ ਹੈ?

- ਧਨਾਸਰੀ ਰਾਗ ਵਿਚ ਜੋਗ ਦੀ ਜੁਗਤੀ ਬਾਰੇ ਇਹ ਵਿਚਾਰ ਪ੍ਰਾਪਤ ਹੁੰਦਾ ਹੈ ਜਿਸ ਜੋਗੀ ਦੇ ਹਿਰਦੇ ਅੰਦਰ ਲੋਭ, ਮੋਹ-ਮਾਇਆ, ਮਮਤਾ ਆਦਿ ਦਾ ਵਾਸਾ ਹੈ, ਉਹ ਜੋਗ ਦੀ ਜੁਗਤ ਤੋਂ ਬਹੁਤ ਦੂਰ ਹੈ।

321. ਇਹ ਮਨੁੱਖਾ ਜਨਮ ਕਿਸ ਕਾਰਨ ਕਰਕੇ ਵਿਅਰਥ ਚਲਿਆ ਜਾਂਦਾ ਹੈ?

- ਜਦੋਂ ਮਨੁੱਖ ਨਾਸਮਝੀ ਅਧੀਨ ਪਰਮਾਤਮਾ ਦਾ ਨਾਮ ਭੁਲਾ ਕੇ ਵਿਸ਼ੇ-ਵਿਕਾਰਾਂ ਦੇ ਰਸ ਵਿਚ ਮਗਨ ਰਹਿੰਦਾ ਹੈ ਅਤੇ ਹਿਰਦੇ ਵਿਚ ਵਸ ਰਹੇ ਪਰਮਾਤਮਾ ਰੂਪੀ ਰਤਨ ਦਾ ਗਿਆਨ ਪ੍ਰਾਪਤ ਨਹੀਂ ਕਰਦਾ ਤਾਂ ਉਸ ਦਾ ਜਨਮ ਵਿਅਰਥ ਚਲਿਆ ਜਾਂਦਾ ਹੈ।

322. ਮਨੁੱਖ ਦੇ ਕਾਰਜ ਕਿਸ ਪ੍ਰਕਾਰ ਵਿਗੜ ਜਾਂਦੇ ਹਨ?

- ਮਨੁੱਖ ਜਾਣ ਬੁੱਝ ਕੇ ਆਪਣੇ ਕਾਰਜ ਵਿਗਾੜ ਲੈਂਦਾ ਹੈ ਕਿਉਂਕਿ ਉਹ ਪਾਪ ਕਰਨ ਸਮੇਂ ਸੰਕੋਚ ਨਹੀਂ ਕਰਦਾ ਅਤੇ ਨਾ ਹੀ ਆਪਣਾ ਹੰਕਾਰ ਦੂਰ ਕਰਦਾ ਹੈ।

323. ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਮਨੁੱਖਾ ਜੀਵਨ ਦੀਆਂ ਕਿੰਨੀਆਂ ਅਵਸਥਾਵਾਂ ਮੰਨੀਆਂ ਹਨ?

- ਤਿੰਨ ਅਵਸਥਾਵਾਂ- ਬਾਲਪਨ, ਜਵਾਨੀ ਅਤੇ ਬੁਢਾਪਾ।

324. ਮਨਮੁੱਖ ਵਿਅਕਤੀ ਜੀਵਨ ਦੀਆਂ ਇਨ੍ਹਾਂ ਤਿੰਨ ਅਵਸਥਾਵਾਂ ਨੂੰ ਕਿਸ ਪ੍ਰਕਾਰ ਵਿਅਰਥ ਗਵਾ ਲੈਂਦਾ ਹੈ?

- ਬਾਲਪਨ- ਅਗਿਆਨਤਾ ਵਿਚ, ਜਵਾਨੀ- ਵਿਸ਼ੇ ਵਿਕਾਰਾਂ ਵਿਚ, ਬੁਢਾਪਾ- ਖੋਟੀ ਮੱਤ ਅਧੀਨ ਨਾਸਮਝੀ ਕਾਰਨ।

325. ਵਿਸ਼ੇ-ਵਿਕਾਰਾਂ ਦੀ ਗੂੜ੍ਹੀ ਨੀਂਦ ਵਿਚੋਂ ਮਨੁੱਖੀ ਮਨ ਕਦੋਂ ਜਾਗਦਾ ਹੈ?

- ਵਿਸ਼ੇ-ਵਿਕਾਰਾਂ ਦੀ ਗੂੜ੍ਹੀ ਨੀਂਦ ਵਿਚੋਂ ਮਨੁੱਖੀ ਮਨ ਉਸ ਸਮੇਂ ਜਾਗਦਾ ਹੈ ਜਦੋਂ ਜਮਦੂਤਾਂ ਦਾ ਡੰਡਾ ਇਸ ਦੇ ਸਿਰ ਉੱਪਰ ਵੱਜਦਾ ਹੈ ਭਾਵ ਜਦੋਂ ਅੰਤਮ ਸਮਾਂ ਬਿਲਕੁਲ ਨੇੜੇ ਆ ਜਾਂਦਾ ਹੈ।

326. ਕਾਮ ਵਾਲਾ ਵਿਕਾਰ ਕਿਹੜੇ ਮਨੁੱਖ ਉੱਪਰ ਆਪਣਾ ਪ੍ਰਭਾਵ ਪਾਉਂਦਾ ਹੈ?

- ਜੋਗੀ, ਜੰਗਮ, ਸੰਨਿਆਸੀਆਂ ਸਮੇਤ ਸਾਰੇ ਮਨੁੱਖਾਂ ਉੱਪਰ ਹੀ ਇਹ ਆਪਣਾ ਪ੍ਰਭਾਵ ਪਾਉਂਦਾ ਹੈ। ਕੇਵਲ ਉਹ ਮਨੁੱਖ ਹੀ ਇਸ ਤੋਂ ਬਚਦੇ ਹਨ ਜੋ ਪਰਮਾਤਮਾ ਦਾ ਨਾਮ ਸਿਮਰਦੇ ਹਨ।

327. ਸੰਸਾਰ ਦੇ ਸਮੂਹ ਸੁੱਖਾਂ ਨੂੰ ਪ੍ਰਦਾਨ ਕਰਨ ਵਾਲਾ ਦਾਤਾ ਕੌਣ ਹੈ?

- ਕੇਵਲ ਇਕ ਅਕਾਲ ਪੁਰਖ। ਉਸ ਤੋਂ ਬਿਨਾਂ ਹੋਰ ਕੋਈ ਵੀ ਦੂਜਾ ਦਾਤਾ ਨਹੀਂ ਹੈ।

328. ਸ੍ਰੀ ਗੁਰੂ ਤੇਗ ਬਹਾਦਰ ਜੀ ਅਨੁਸਾਰ ਮਨੁੱਖਾ ਸਰੀਰ ਕਿੰਨੇ ਤੱਤਾਂ ਦਾ ਬਣਿਆ ਹੋਇਆ ਹੈ?

- ਪੰਜ ਤੱਤਾਂ ਦਾ।

329. ਸ੍ਰਿਸ਼ਟੀ ਵਿਚ ਕਿਸ ਥਾਂ 'ਤੇ ਅਕਾਲ ਪੁਰਖ ਦਾ ਵਾਸਾ ਹੈ?

- ਸਮੁੱਚੀ ਸ੍ਰਿਸ਼ਟੀ ਦੇ ਕਣ-ਕਣ ਵਿਚ।

330. ਸ੍ਰੀ ਗੁਰੂ ਤੇਗ ਬਹਾਦਰ ਜੀ ਅਨੁਸਾਰ ਅਧਿਆਤਮਿਕ ਗਿਆਨ ਨਾਲ ਭਰਪੂਰ ਗਿਆਨਵਾਨ ਮਨੁੱਖ ਦਾ ਸਰੂਪ ਕਿਹੋ ਜਿਹਾ ਹੁੰਦਾ ਹੈ?

- ਅਧਿਆਤਮਿਕ ਗਿਆਨ ਨਾਲ ਭਰਪੂਰ ਗਿਆਨਵਾਨ ਮਨੁੱਖ ਪਰਮਾਤਮਾ ਤੋਂ ਬਿਨਾਂ ਨਾ ਹੀ ਕਿਸੇ ਦਾ ਡਰ ਮੰਨਦਾ ਹੈ ਅਤੇ ਨਾ ਹੀ ਕਿਸੇ ਨੂੰ ਡਰਾਉਂਦਾ ਹੈ।

331. ਮਨੁੱਖ ਨੂੰ ਕਿਹੋ ਜਿਹਾ ਵੈਰਾਗ ਧਾਰਨ ਕਰਨਾ ਚਾਹੀਦਾ ਹੈ?

- ਵਿਸ਼ੇ ਵਿਕਾਰਾਂ ਨੂੰ ਤਿਆਗ ਕੇ ਬਾਹਰੀ ਵੈਰਾਗ ਦੀ ਥਾਂ ਅੰਦਰੂਨੀ ਵੈਰਾਗ ਧਾਰਨ ਕਰਨਾ ਚਾਹੀਦਾ ਹੈ।

332. ਵਿਸ਼ੇ ਵਿਕਾਰਾਂ ਦਾ ਤਿਆਗ ਕਰਨ ਵਾਲੇ ਮਨੁੱਖ ਦਾ ਸਮਾਜ ਨੂੰ ਕੀ ਯੋਗਦਾਨ ਹੁੰਦਾ ਹੈ?

- ਅਜਿਹਾ ਮਨੁੱਖ ਖੁਦ ਵੀ ਸੰਸਾਰ ਰੂਪੀ ਭਵਸਾਗਰ ਤੋਂ ਪਾਰ ਹੋ ਜਾਂਦਾ ਹੈ ਅਤੇ ਦੂਸਰਿਆਂ ਨੂੰ ਵੀ ਪਾਰ ਕਰ ਦਿੰਦਾ ਹੈ।

333. ਇਸ ਸੰਸਾਰ ਵਿਚ ਅਕਾਲ ਪੁਰਖ ਦਾ ਸਿਮਰਨ ਕਰਨ ਵਾਲੇ ਕਿੰਨੇ ਮਨੁੱਖ ਹਨ?

- ਕਰੋੜਾਂ ਵਿਚੋਂ ਕੋਈ ਇਕ ਮਨੁੱਖ ਭਾਵ ਕਿ ਬਹੁਤ ਹੀ ਥੋੜ੍ਹੇ। *(ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ ॥)*

334. ਸੁੱਖਾਂ ਦੀ ਸਦੀਵੀ ਪ੍ਰਾਪਤੀ ਲਈ ਮਨੁੱਖ ਨੂੰ ਕੀ ਕਰਨਾ ਚਾਹੀਦਾ ਹੈ?

- ਅਕਾਲ ਪੁਰਖ ਦੀ ਸ਼ਰਨ ਲੈਣੀ ਚਾਹੀਦੀ ਹੈ।
  *(ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ ॥)*

335. ਮਾਇਆ ਲਈ ਭੱਜਣ ਫਿਰਨ ਵਾਲੇ ਲੋਕਾਂ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ

ਕੀ ਕਿਹਾ ਹੈ?

- ਅਜਿਹੇ ਲੋਕਾਂ ਨੂੰ ਗੁਰੂ ਜੀ ਨੇ ਮੂਰਖ ਅਤੇ ਬੇਸਮਝ ਕਿਹਾ ਹੈ। *(ਮਾਇਆ ਕਾਰਨਿ ਧਾਵਹੀ ਮੂਰਖ ਲੋਗ ਅਜਾਨ॥)*

336. ਦਿਨ-ਰਾਤ ਪਰਮਾਤਮਾ ਦਾ ਸਿਮਰਨ ਕਰਨ ਵਾਲੇ ਮਨੁੱਖ ਦੀ ਅਵਸਥਾ ਕਿਹੋ ਜਿਹੀ ਬਣ ਜਾਂਦੀ ਹੈ?

- ਦਿਨ-ਰਾਤ ਪਰਮਾਤਮਾ ਦਾ ਸਿਮਰਨ ਕਰਨ ਵਾਲਾ ਮਨੁੱਖ, ਉਸ ਪਰਮਾਤਮਾ ਦਾ ਹੀ ਰੂਪ ਬਣ ਜਾਂਦਾ ਹੈ। ਅਜਿਹੇ ਮਨੁੱਖ ਅਤੇ ਪਰਮਾਤਮਾ ਵਿਚ ਕੋਈ ਵੀ ਅੰਤਰ ਨਹੀਂ ਰਹਿ ਜਾਂਦਾ।

337. ਲੋਭ ਵਿਚ ਫਸੇ ਹੋਏ ਮਨੁੱਖ ਦਾ ਸੁਭਾਅ ਕਿਹੋ ਜਿਹਾ ਬਣ ਜਾਂਦਾ ਹੈ?

- ਲੋਭ ਦੀ ਫਾਹੀ ਵਿਚ ਫਸਿਆ ਹੋਇਆ ਮਨੁੱਖ ਉਹ ਕਾਰਜ ਨਹੀਂ ਕਰਦਾ ਜੋ ਉਸ ਦੇ ਕੀਤੇ ਜਾਣ ਦੇ ਯੋਗ ਹੁੰਦਾ ਹੈ ਅਤੇ ਜ਼ਿੰਦਗੀ ਦਾ ਸਾਰਾ ਸਮਾਂ ਇਸ ਪ੍ਰਕਾਰ ਹੀ ਵਿਅਰਥ ਗਵਾ ਲੈਂਦਾ ਹੈ।

338. ਮਾਇਆ ਦੇ ਮੋਹ ਵਿਚ ਫਸਿਆ ਹੋਇਆ ਮਨ, ਇਸ ਮੋਹ ਵਿਚ ਕਿਸ ਪ੍ਰਕਾਰ ਬੰਨ੍ਹਿਆ ਰਹਿੰਦਾ ਹੈ?

- ਮਾਇਆ ਦੇ ਮੋਹ ਵਿਚ ਫਸਿਆ ਹੋਇਆ ਮਨ, ਇਸ ਮੋਹ ਵਿਚ ਇਸ ਪ੍ਰਕਾਰ ਬੰਨ੍ਹਿਆ ਰਹਿੰਦਾ ਹੈ ਜਿਵੇਂ ਕੰਧ ਉੱਪਰ ਕਿਸੇ ਤਸਵੀਰ ਦਾ ਛਪਿਆ ਹੋਇਆ

ਰੂਪ ਉਸ ਕੰਧ ਨੂੰ ਨਹੀਂ ਛੱਡਦਾ ਅਤੇ ਕੰਧ ਨਾਲ ਹੀ ਬੰਨ੍ਹਿਆ ਰਹਿੰਦਾ ਹੈ।

339. ਮਨੁੱਖ ਨੂੰ ਆਪਣੇ ਸਰੀਰ ਦਾ ਹੰਕਾਰ ਕਿਉਂ ਨਹੀਂ ਕਰਨਾ ਚਾਹੀਦਾ?

- ਸਰੀਰ ਦਾ ਹੰਕਾਰ ਇਸ ਲਈ ਨਹੀਂ ਕਰਨਾ ਚਾਹੀਦਾ ਕਿਉਂਕਿ ਇਹ ਸਰੀਰ ਇਕ ਪਲ ਵਿਚ ਹੀ ਨਾਸ ਹੋ ਜਾਂਦਾ ਹੈ।

340. ਪਰਮਾਤਮਾ ਦੀ ਭਗਤੀ ਤੋਂ ਖਾਲੀ ਮਨੁੱਖ ਦੇ ਸਰੀਰ ਨੂੰ ਗੁਰੂ ਸਾਹਿਬ ਨੇ ਕਿਹੋ ਜਿਹਾ ਦੱਸਿਆ ਹੈ?

- ਸੂਰ ਅਤੇ ਕੁੱਤੇ ਦੇ ਸਰੀਰ ਵਰਗਾ। *(ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ ॥ ਜੈਸੇ ਸੂਕਰ ਸੁਆਨ ਨਾਨਕ ਮਾਨੋ ਤਾਹਿ ਤਨੁ ॥)*

341. ਮਨੁੱਖ ਨੂੰ ਕਿਸ ਢੰਗ ਨਾਲ ਇਕਾਗਰ ਚਿੱਤ ਹੋ ਕੇ ਪਰਮਾਤਮਾ ਦਾ ਸਿਮਰਨ ਕਰਨਾ ਚਾਹੀਦਾ ਹੈ?

- ਮਨੁੱਖ ਨੂੰ ਪਰਮਾਤਮਾ ਦਾ ਸਿਮਰਨ ਇਸ ਢੰਗ ਨਾਲ ਇਕਾਗਰ ਹੋ ਕੇ ਕਰਨਾ ਚਾਹੀਦਾ ਹੈ, ਜਿਵੇਂ ਇਕ ਕੁੱਤਾ ਆਪਣੇ ਮਾਲਕ ਦੇ ਘਰ ਨੂੰ ਕਦੇ ਵੀ ਛੱਡਦਾ ਨਹੀਂ।

342. ਤੀਰਥ, ਵਰਤ, ਦਾਨ ਆਦਿ ਧਾਰਮਿਕ ਕਰਮ ਕਾਂਡ ਕਰਕੇ ਮਨ ਵਿਚ ਹੰਕਾਰ ਕਰਨ ਦਾ ਕੀ ਨਤੀਜਾ ਨਿਕਲਦਾ ਹੈ?

- ਅਜਿਹੇ ਕਰਨ ਨਾਲ ਸਾਰੇ ਕਰਮ-ਧਰਮ ਹਾਥੀ ਦੇ ਇਸ਼ਨਾਨ ਵਾਂਗ ਵਿਅਰਥ ਚਲੇ ਜਾਂਦੇ ਹਨ ਕਿਉਂਕਿ ਹਾਥੀ ਨਹਾਉਣ ਤੋਂ ਬਾਅਦ ਆਪਣੇ ਉੱਪਰ ਮਿੱਟੀ ਪਾ ਲੈਂਦਾ ਹੈ।

343. ਬੁਢਾਪੇ ਵਾਲੀ ਹਾਲਤ ਵਿਚ ਮਨੁੱਖ ਦਾ ਸਰੀਰ ਕਿਹੋ ਜਿਹਾ ਹੋ ਜਾਂਦਾ ਹੈ?

- ਬੁਢਾਪੇ ਵਾਲੀ ਹਾਲਤ ਵਿਚ ਮਨੁੱਖ ਦਾ ਸਿਰ ਕੰਬਣ ਲੱਗ ਪੈਂਦਾ ਹੈ, ਪੈਰ ਡਗਮਗਾਉਣ ਲੱਗ ਜਾਂਦੇ ਹਨ ਅਤੇ ਅੱਖਾਂ ਦੀ ਰੌਸ਼ਨੀ ਘੱਟ ਜਾਂਦੀ ਹੈ ਪ੍ਰੰਤੂ ਮਨ ਦੇ ਪਿੱਛੇ ਤੁਰਨ ਵਾਲਾ ਮਨਮੁਖ ਫਿਰ ਵੀ ਪਰਮਾਤਮਾ ਦਾ ਨਾਮ ਸਿਮਰਨ ਨਹੀਂ ਕਰਦਾ।

344. ਵੱਡੇ ਪਰਿਵਾਰਾਂ ਵਾਲੇ ਰਾਮ ਅਤੇ ਰਾਵਣ ਦੇ ਇਸ ਸੰਸਾਰ ਤੋਂ ਚਲੇ ਜਾਣ ਦੇ ਦ੍ਰਿਸ਼ਟਾਂਤ ਰਾਹੀਂ ਗੁਰੂ ਸਾਹਿਬ ਨੇ ਕੀ ਸਮਝਾਇਆ ਹੈ?

- ਇਸ ਦ੍ਰਿਸ਼ਟਾਂਤ ਰਾਹੀਂ ਗੁਰੂ ਸਾਹਿਬ ਨੇ ਜਗਤ ਦੀ ਨਾਸ਼ਵਾਨਤਾ ਦਰਸਾਈ ਹੈ ਕਿ ਇਸ ਸੰਸਾਰ ਵਿਚ ਕੁਝ ਵੀ ਸਦਾ ਲਈ ਕਾਇਮ ਰਹਿਣ ਵਾਲਾ ਨਹੀਂ ਹੈ।

345. ਮਨੁੱਖ ਨੂੰ ਸੰਸਾਰਕ ਪਦਾਰਥਾਂ ਦੇ ਖਤਮ ਹੋ ਜਾਣ ‘ਤੇ ਚਿੰਤਾ ਕਿਉਂ ਨਹੀਂ ਕਰਨੀ ਚਾਹੀਦੀ?

- ਇਨ੍ਹਾਂ ਦੀ ਚਿੰਤਾ ਇਸ ਲਈ ਨਹੀਂ ਕਰਨੀ ਚਾਹੀਦੀ ਕਿਉਂਕਿ ਸੰਸਾਰ ਵਿਚ ਕੁਝ ਵੀ ਸਦਾ ਕਾਇਮ ਰਹਿਣ ਵਾਲਾ ਨਹੀਂ ਹੈ।

346. ਸੰਸਾਰ ਵਿਚ ਜੋ ਕੁਝ ਪੈਦਾ ਹੁੰਦਾ ਹੈ ਜਾਂ ਬਣਦਾ ਹੈ, ਉਸ ਸੰਬੰਧੀ ਕਿਹੜਾ ਅਟੱਲ ਨਿਯਮ ਹੈ?

- ਸੰਸਾਰ ਵਿਚ ਜੋ ਕੁਝ ਵੀ ਪੈਦਾ ਹੁੰਦਾ ਹੈ ਜਾਂ ਬਣਦਾ ਹੈ, ਉਸ ਨੇ ਇਕ ਦਿਨ ਖ਼ਤਮ/ਨਸ਼ਟ ਹੋ ਜਾਣਾ ਹੈ। ਕੁਝ ਵੀ ਸਦਾ ਲਈ ਕਾਇਮ ਨਹੀਂ ਰਹਿੰਦਾ।

347. ਪਰਮਾਤਮਾ ਦੇ ਨਾਮ ਤੋਂ ਵਿਛੜ ਜਾਣ ’ਤੇ ਕਿਹੜੇ ਬੰਧਨ ਮਨੁੱਖ ਨੂੰ ਤਾਕਤਹੀਣ ਕਰ ਦਿੰਦੇ ਹਨ?

- ਪਰਮਾਤਮਾ ਦੇ ਨਾਮ ਤੋਂ ਵਿਛੜ ਜਾਣ ’ਤੇ ਜਦੋਂ ਮਾਇਆ ਦੇ ਮੋਹ ਦੇ ਬੰਧਨਾਂ ਦੀ ਫਾਹੀ ਮਨੁੱਖ ਨੂੰ ਪੈ ਜਾਂਦੀ ਹੈ ਤਾਂ ਉਹ ਆਤਮਿਕ ਤੌਰ ’ਤੇ ਤਾਕਤਹੀਣ ਹੋ ਜਾਂਦਾ ਹੈ। ਅਜਿਹੀ ਹਾਲਤ ਵਿਚ ਮਨੁੱਖ ਨੂੰ ਕੇਵਲ ਪਰਮਾਤਮਾ ਦਾ ਹੀ ਸਹਾਰਾ ਹੁੰਦਾ ਹੈ।

348. ਆਤਮਿਕ ਤੌਰ ’ਤੇ ਤਾਕਤਹੀਣ ਹੋਏ ਮਨੁੱਖ ਲਈ ਪਰਮਾਤਮਾ ਕਿਸ ਪ੍ਰਕਾਰ ਸਹਾਰਾ ਬਣਦਾ ਹੈ?

- ਅਜਿਹਾ ਮਨੁੱਖ ਜਦੋਂ ਪਰਮਾਤਮਾ ਦਾ ਸਹਾਰਾ ਲੈ ਲੈਂਦਾ ਹੈ ਤਾਂ ਉਸ ਦੇ ਅੰਦਰ ਮਾਇਆ ਦਾ ਟਾਕਰਾ ਕਰਨ ਲਈ ਤਾਕਤ ਪੈਦਾ ਹੋ ਜਾਂਦੀ ਹੈ ਅਤੇ ਮਾਇਆ ਦੇ ਮੋਹ ਦੇ ਬੰਧਨ ਟੁੱਟ ਜਾਂਦੇ ਹਨ।

349. ਸੰਸਾਰ ਵਿਚ ਕਿੰਨ੍ਹਾਂ ਦੀ ਹੋਂਦ ਸਦੀਵੀ ਤੌਰ ’ਤੇ ਰਹਿੰਦੀ ਹੈ?

- (ੳ) ਪਰਮਾਤਮਾ ਦੀ

  (ਅ) ਪਰਮਾਤਮਾ ਦੇ ਨਾਮ ਦੀ

  (ੲ) ਪਰਮਾਤਮਾ ਨਾਲ ਜੋੜਨ ਵਾਲੇ ਗੁਰੂ ਦੀ

  (ਸ) ਪਰਮਾਤਮਾ ਨਾਲ ਜੁੜੇ ਹੋਏ ਮਨੁੱਖ (ਸਾਧੂ) ਦੀ।

350. ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਕਿਹੜਾ ਸਲੋਕ, ਦੂਸਰਿਆਂ ਨੂੰ ਡਰਾ ਕੇ ਜ਼ੁਲਮ ਕਰਨ ਤੋਂ ਰੋਕਦਾ ਹੈ ਅਤੇ ਮਨੁੱਖ ਵਿਚ ਨਿਡਰਤਾ ਦੀ ਭਾਵਨਾ ਪੈਦਾ ਕਰਦਾ ਹੈ?

- ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥

  ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥

  -ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1427

*****

# ਭਾਗ ਤੀਜਾ:

# ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਪ੍ਰਮੁੱਖ ਅਸਥਾਨਾਂ ਦੀਆਂ ਤਸਵੀਰਾਂ



**ਗੁਰਦੁਆਰਾ ਗੁਰੂ ਕੇ ਮਹਿਲ, ਸ੍ਰੀ ਅੰਮ੍ਰਿਤਸਰ ਸਾਹਿਬ**

ਇਸ ਪਾਵਨ ਅਸਥਾਨ ’ਤੇ ਵੈਸਾਖ ਸੁਦੀ 5, ਸੰਮਤ 1678 ਬਿਕਰਮੀ (1 ਅਪ੍ਰੈਲ, 1621 ਈ.) ਨੂੰ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਤੇ ਮਾਤਾ ਨਾਨਕੀ ਜੀ ਦੇ ਗ੍ਰਿਹਿ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ ਹੋਇਆ।



1. **ਗੁਰਦੁਆਰਾ ਸ੍ਰੀ ਦਰਬਾਰ ਸਾਹਿਬ, ਬਾਬਾ ਬਕਾਲਾ (ਖੱਬੇ ਪਾਸੇ)**
   (ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਗੁਰਿਆਈ ਸਥਾਨ)
2. **ਗੁਰਦੁਆਰਾ ਭੋਰਾ ਸਾਹਿਬ, ਬਾਬਾ ਬਕਾਲਾ (ਸੱਜੇ ਪਾਸੇ)**

(ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਭਜਨ ਬੰਦਗੀ ਵਾਲਾ ਸਥਾਨ। ਸਿੱਖ ਰਵਾਇਤ ਅਨੁਸਾਰ ਇਸ ਸਥਾਨ 'ਤੇ ਗੁਰੂ ਸਾਹਿਬ ਬਾਬਾ ਬਕਾਲਾ ਨਿਵਾਸ ਦੌਰਾਨ ਅਕਾਲ ਪੁਰਖ ਦੀ ਭਜਨ ਬੰਦਗੀ ਕੀਤੀ)



## ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਧਮਤਾਨ ਸਾਹਿਬ
## ਜਿਲ੍ਹਾ ਜੀਂਦ (ਹਰਿਆਣਾ)

ਇਸ ਸਥਾਨ ’ਤੇ ਮੁਗ਼ਲ ਬਾਦਸ਼ਾਹ ਔਰੰਗਜੇਬ ਦੇ ਹੁਕਮ ਦੁਆਰਾ ਆਲਮ ਖਾਂ ਰੁਹੇਲਾ ਨੇ ਕੱਤਕ ਸੁਦੀ 11, ਸੰਮਤ 1722 ਬਿਕਰਮੀ (8 ਨਵੰਬਰ, 1665 ਈ.) ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਗ੍ਰਿਫ਼ਤਾਰ ਕੀਤਾ। ਇਹ ਗੁਰੂ ਸਾਹਿਬ ਦੀ ਪਹਿਲੀ ਗ੍ਰਿਫ਼ਤਾਰੀ ਸੀ। ਇਸ ਅਸਥਾਨ ਨੂੰ ਗੁਰੂ ਸਾਹਿਬ ਨੇ ਬਾਂਗਰ (ਹਰਿਆਣਾ) ਦੇ ਪ੍ਰਮੁੱਖ ਪ੍ਰਚਾਰ ਕੇਂਦਰ ਵਜੋਂ ਵਿਕਸਿਤ ਕੀਤਾ ਅਤੇ ਭਾਈ ਰਾਮਦੇਵ ਜੀ ਨੂੰ ਇਸੇ ਅਸਥਾਨ ’ਤੇ ਭਾਈ ਮੀਂਹਾਂ ਜੀ ਦੀ ਉਪਾਧੀ ਬਖਸ਼ਿਸ਼ ਕੀਤੀ। ਇਸ ਅਸਥਾਨ ’ਤੇ ਗੁਰੂ ਸਾਹਿਬ ਜੀ ਦੀ ਸ੍ਰੀ ਸਾਹਿਬ (ਕਿਰਪਾਨ) ਯਾਦਗਾਰ ਵਜੋਂ ਸੁਭਾਇਮਾਨ ਹੈ।



**ਗੁਰਦੁਆਰਾ ਗੁਰੂ ਕਾ ਤਾਲ, ਆਗਰਾ**

ਇਹ ਸਥਾਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਅੰਤਿਮ ਅਤੇ ਤੀਸਰੀ ਗ੍ਰਿਫ਼ਤਾਰੀ ਨਾਲ ਸੰਬੰਧਿਤ ਹੈ ਜੋ ਗੁਰੂ ਜੀ ਦੀ ਸ਼ਹਾਦਤ ਤੋਂ ਪਹਿਲਾਂ ਹੋਈ। ਇਸ ਅਸਥਾਨ 'ਤੇ ਮੌਜੂਦ ਬਾਗ਼ ਵਿਚੋਂ ਗੁਰੂ ਸਾਹਿਬ ਨੇ ਸ਼ਹਾਦਤ ਤੋਂ ਪਹਿਲਾਂ, ਆਗਰਾ ਦੇ ਨਜ਼ਦੀਕੀ ਪਿੰਡ ਕਕਰੈਠਾ ਦੇ ਵਸਨੀਕ ਹਸਨ ਅਲੀ ਨਾਮਕ ਗਰੀਬ ਮੁਸਲਿਮ ਆਜੜੀ ਰਾਹੀਂ ਆਪਣੀ ਗ੍ਰਿਫ਼ਤਾਰੀ ਦਿੱਤੀ। ਸਿੱਖ ਰਵਾਇਤ ਅਨੁਸਾਰ ਬਜ਼ੁਰਗ ਗਰੀਬ ਆਜੜੀ ਦੀ ਇੱਛਾ ਸੀ ਕਿ ਗੁਰੂ ਸਾਹਿਬ ਦੀ ਗ੍ਰਿਫ਼ਤਾਰੀ ਲਈ ਰੱਖੇ ਗਏ 500 ਸੋਨੇ ਦੀਆਂ ਮੋਹਰਾਂ ਦੇ ਇਨਾਮ ਦੀ ਰਕਮ ਰਾਹੀਂ ਉਸ ਦੀ ਗ਼ਰੀਬੀ ਦੂਰ ਹੋ ਜਾਵੇ। ਇਸ ਲਈ ਗੁਰੂ ਸਾਹਿਬ ਨੇ ਨਾਟਕੀ ਢੰਗ ਰਾਹੀਂ ਉਸ ਬਜ਼ੁਰਗ ਆਜੜੀ ਦੁਆਰਾ ਆਪਣੀ ਗ੍ਰਿਫ਼ਤਾਰੀ ਕਰਵਾਈ।



**ਗੁਰਦੁਆਰਾ ਸੀਸ ਗੰਜ ਸਾਹਿਬ, ਚਾਂਦਨੀ ਚੌਂਕ, ਪੁਰਾਣੀ ਦਿੱਲੀ**

ਇਸ ਅਸਥਾਨ 'ਤੇ ਮੱਘਰ ਸੁਦੀ 5, ਸੰਮਤ 1732 ਬਿਕਰਮੀ (11 ਨਵੰਬਰ, 1675 ਈ.) ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੇ ਹੁਕਮ ਦੁਆਰਾ, ਕਾਜ਼ੀ ਅਬਦੁਲ ਵਹਾਬ ਵੋਹਰਾ ਦੇ ਫਤਵੇ ਰਾਹੀਂ, ਜਲਾਲੁਦੀਨ ਨਾਮਕ ਜੱਲਾਦ ਦੁਆਰਾ ਸੀਸ ਧੜ ਤੋਂ ਜੁਦਾ ਕਰ ਕੇ ਸ਼ਹੀਦ ਕੀਤਾ ਗਿਆ। ਜਿਸ ਬੋਹੜ ਦੇ ਹੇਠਾਂ ਗੁਰੂ ਸਾਹਿਬ ਦੀ ਸ਼ਹੀਦੀ ਹੋਈ ਸੀ, ਉਸ ਸਥਾਨ ਦੀ ਸਨਾਖ਼ਤ ਸਰਦਾਰ ਬਘੇਲ ਸਿੰਘ ਕਰੋੜਸਿੰਘੀਆ ਨੇ ਮਾਰਚ, 1783 ਈ. ਵਿਚ ਦਿੱਲੀ ਜਿੱਤਣ ਤੋਂ ਬਾਅਦ ਇਕ ਬਜ਼ੁਰਗ ਮੁਸਲਿਮ ਮਾਸ਼ਕੀ ਔਰਤ (ਪਾਣੀ ਢੋਣ ਵਾਲੀ) ਤੋਂ ਕਰਵਾਈ ਜਿਸ ਦੇ ਪਿਤਾ ਨੇ ਗੁਰੂ ਸਾਹਿਬ ਦੀ ਸ਼ਹੀਦੀ ਤੋਂ ਬਾਅਦ, ਪਾਣੀ ਨਾਲ ਸ਼ਹੀਦੀ ਵਾਲੇ ਸਥਾਨ ਨੂੰ ਸਾਫ਼ ਕੀਤਾ ਸੀ।




**ਗੁਰਦੁਆਰਾ ਰਕਾਬ ਗੰਜ ਸਾਹਿਬ, ਨਵੀਂ ਦਿੱਲੀ (ਨਜ਼ਦੀਕ ਰਾਸ਼ਟਰਪਤੀ ਭਵਨ)**

ਭਾਈ ਲੱਖੀ ਸ਼ਾਹ ਵਣਜਾਰਾ ਦੁਆਰਾ ਇਸ ਅਸਥਾਨ 'ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪਾਵਨ ਸ਼ਹੀਦੀ ਧੜ ਨੂੰ ਆਪਣੇ ਵਪਾਰਕ ਗੱਡਿਆਂ ਰਾਹੀਂ ਚਾਂਦਨੀ ਚੌਂਕ ਤੋਂ ਆਪਣੇ ਘਰ ਲਿਆ ਕੇ ਪਾਵਨ ਧੜ ਦਾ ਸਸਕਾਰ ਕੀਤਾ ਗਿਆ ਅਤੇ ਸਸਕਾਰ ਕਰਨ ਤੋਂ ਬਾਅਦ ਮੁਗ਼ਲ ਹਕੂਮਤ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਇਸ ਜਗ੍ਹਾ 'ਤੇ ਮੌਜੂਦ ਆਪਣੇ ਘਰ ਨੂੰ ਅੱਗ ਲਗਾ ਦਿੱਤੀ ਗਈ।



**ਗੁਰਦੁਆਰਾ ਬਿਬਾਨ ਗੜ੍ਹ ਸਾਹਿਬ, ਕੀਰਤਪੁਰ ਸਾਹਿਬ**

ਇਹ ਅਸਥਾਨ, ਚਾਂਦਨੀ ਚੌਂਕ ਦਿੱਲੀ ਵਿਚ ਗੁਰੂ ਸਾਹਿਬ ਦੀ ਸ਼ਹਾਦਤ ਤੋਂ ਬਾਅਦ ਉਨ੍ਹਾਂ ਦਾ ਪਾਵਨ ਸੀਸ ਦਿੱਲੀ ਤੋਂ ਅਨੰਦਪੁਰ ਸਾਹਿਬ ਲੈ ਕੇ ਜਾਣ ਵਾਲੇ ਭਾਈ ਜੈਤਾ ਜੀ ਅਤੇ ਉਨ੍ਹਾਂ ਦੇ ਗੁਰਸਿੱਖ ਸਾਥੀਆਂ- ਭਾਈ ਨਾਨੂ/ਨਨੂਆ ਜੀ ਅਤੇ ਭਾਈ ਊਦਾ ਜੀ ਦੀ ਸੀਸ ਯਾਤਰਾ ਦਾ ਆਖਰੀ ਪੜਾਅ ਹੈ। ਇਸ ਅਸਥਾਨ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮੱਘਰ ਸੁਦੀ 10 (16 ਨਵੰਬਰ, 1675 ਈ.) ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪਾਵਨ ਸੀਸ ਨੂੰ ਸਤਿਕਾਰ ਸਹਿਤ ਪਾਲਕੀ ਵਿਚ ਸੁਭਾਇਮਾਨ ਕਰ ਕੇ ਸਿੱਖ ਸੰਗਤ ਨਾਲ ਨਗਰ ਕੀਰਤਨ ਦੇ ਰੂਪ ਸੀ ਅਨੰਦਪੁਰ ਸਾਹਿਬ ਲੈ ਕੇ ਗਏ।



**ਗੁਰਦੁਆਰਾ ਸੀਸਗੰਜ ਸਾਹਿਬ, ਸ੍ਰੀ ਅਨੰਦਪੁਰ ਸਾਹਿਬ**

ਭਾਈ ਜੈਤਾ ਜੀ ਅਤੇ ਉਨ੍ਹਾਂ ਦੇ ਗੁਰਸਿੱਖ ਸਾਥੀਆਂ- ਭਾਈ ਨਾਨੂ/ਨਨੂਆ ਜੀ ਅਤੇ ਭਾਈ ਊਦਾ ਜੀ ਦੀ ਸੀਸ ਯਾਤਰਾ ਦੇ ਆਖਰੀ ਪੜਾਅ- ਕੀਰਤਪੁਰ ਸਾਹਿਬ ਤੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪਾਵਨ ਸ੍ਰੀ ਅਨੰਦਪੁਰ ਸਾਹਿਬ ਲੈ ਕੇ ਆਉਣ ਤੋਂ ਬਾਅਦ ਇਸ ਅਸਥਾਨ ’ਤੇ ਮੱਘਰ ਸੁਦੀ 10 (16 ਨਵੰਬਰ, 1675 ਈ.) ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪਾਵਨ ਸੀਸ ਦਾ ਗੁਰ-ਮਰਯਾਦਾ ਅਨੁਸਾਰ ਅੰਤਿਮ ਸਸਕਾਰ ਕੀਤਾ ਗਿਆ।

# ਭਾਗ ਚੌਥਾ:

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਇਲਾਹੀ ਬਾਣੀ ਦੀ ਇਕ ਸੰਖੇਪ ਰੂਹਾਨੀ ਝਲਕ

## ੴ ਸਤਿਗੁਰ ਪ੍ਰਸਾਦਿ ॥ ਧਨਾਸਰੀ ਮਹਲਾ ੯ ॥

ਕਾਹੇ ਰੇ ਬਨ ਖੋਜਨ ਜਾਈ ॥ ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥੧॥ ਰਹਾਉ ॥ ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ॥ ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ ॥੧॥ ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ ॥ ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥੨॥੧॥

-ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 684

**ਅਰਥ:**

ਹੇ ਭਾਈ! ਪਰਮਾਤਮਾ ਨੂੰ) ਲੱਭਣ ਵਾਸਤੇ ਤੂੰ ਜੰਗਲਾਂ ਵਿਚ ਕਿਉਂ ਜਾਂਦਾ ਹੈਂ? ਪਰਮਾਤਮਾ ਸਭ ਵਿਚ ਵੱਸਣ ਵਾਲਾ ਹੈ, (ਫਿਰ ਭੀ) ਸਦਾ (ਮਾਇਆ ਦੇ ਪ੍ਰਭਾਵ ਤੋਂ) ਨਿਰਲੇਪ ਰਹਿੰਦਾ ਹੈ। ਉਹ ਪਰਮਾਤਮਾ ਤੇਰੇ ਨਾਲ ਹੀ ਵੱਸਦਾ ਹੈ।1।ਰਹਾਉ।

ਹੇ ਭਾਈ! ਜਿਵੇਂ ਫੁੱਲ ਵਿਚ ਸੁਗੰਧੀ ਵੱਸਦੀ ਹੈ, ਜਿਵੇਂ ਸ਼ੀਸ਼ੇ ਵਿਚ (ਸ਼ੀਸ਼ਾ ਵੇਖਣ ਵਾਲੇ ਦਾ) ਅਕਸ ਵੱਸਦਾ ਹੈ, ਤਿਵੇਂ ਪਰਮਾਤਮਾ ਇਕ-ਰਸ ਸਭਨਾਂ ਦੇ ਅੰਦਰ ਵੱਸਦਾ ਹੈ। (ਇਸ ਵਾਸਤੇ, ਉਸ ਨੂੰ) ਆਪਣੇ ਹਿਰਦੇ ਵਿਚ ਹੀ ਲੱਭ।1।

ਹੇ ਭਾਈ! ਗੁਰੂ ਦਾ (ਆਤਮਕ ਜੀਵਨ ਦਾ) ਉਪਦੇਸ਼ ਇਹ ਦੱਸਦਾ ਹੈ ਕਿ (ਆਪਣੇ ਸਰੀਰ ਦੇ) ਅੰਦਰ (ਅਤੇ ਆਪਣੇ ਸਰੀਰ ਤੋਂ) ਬਾਹਰ (ਹਰ ਥਾਂ) ਇਕ ਪਰਮਾਤਮਾ ਨੂੰ (ਵੱਸਦਾ) ਸਮਝੋ। ਹੇ ਦਾਸ ਨਾਨਕ! ਆਪਣਾ ਆਤਮਕ ਜੀਵਨ ਪਰਖਣ ਤੋਂ ਬਿਨਾ (ਮਨ ਉੱਤੋਂ) ਭਟਕਣਾ ਦਾ ਜਾਲਾ ਦੂਰ ਨਹੀਂ ਹੋ ਸਕਦਾ (ਤੇ, ਉਤਨਾ ਚਿਰ ਸਰਬ-ਵਿਆਪਕ ਪਰਮਾਤਮਾ ਦੀ ਸੂਝ ਨਹੀਂ ਆ ਸਕਦੀ) ।2।1।

*****

ਤਨੁ ਧਨੁ ਜਿਹ ਤੋ ਕਉ ਦੀਓ ਤਾਂ ਸਿਉ ਨੇਹੁ ਨ ਕੀਨ ॥
ਕਹੁ ਨਾਨਕ ਨਰ ਬਾਵਰੇ ਅਬ ਕਿਉ ਡੋਲਤ ਦੀਨ ॥੭॥

**ਅਰਥ:**

ਹੇ ਨਾਨਕ! ਆਖ- ਹੇ ਝੱਲੇ ਮਨੁੱਖ! ਜਿਸ (ਪਰਮਾਤਮਾ) ਨੇ ਤੈਨੂੰ ਸਰੀਰ ਦਿੱਤਾ, ਧਨ ਦਿੱਤਾ, ਤੂੰ ਉਸ ਨਾਲ ਪਿਆਰ ਨਾਹ ਪਾਇਆ। ਫਿਰ ਹੁਣ ਆਤੁਰ ਹੋ ਕੇ ਘਬਰਾਇਆ ਕਿਉਂ ਫਿਰਦਾ ਹੈਂ (ਭਾਵ, ਉਸ ਪਰਮਾਤਮਾ ਨੂੰ ਯਾਦ ਕਰਨ ਤੋਂ ਬਿਨਾ ਘਬਰਾਉਣਾ ਤਾਂ ਹੋਇਆ ਹੀ) ।7।

*****

ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ ॥
ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਤਿ ਭਗਵਾਨ ॥੧੩॥

**ਅਰਥ:**

ਜਿਸ ਮਨੁੱਖ (ਦੇ ਹਿਰਦੇ) ਨੂੰ ਸੁਖ ਦੁਖ ਨਹੀਂ ਪੋਹ ਸਕਦਾ, ਲੋਭ ਮੋਹ ਅਹੰਕਾਰ ਨਹੀਂ ਪੋਹ ਸਕਦਾ (ਭਾਵ, ਜਿਹੜਾ ਮਨੁੱਖ ਸੁਖ ਦੁਖ ਵੇਲੇ ਆਤਮਕ ਜੀਵਨ ਵਲੋਂ ਨਹੀਂ ਡੋਲਦਾ, ਜਿਸ ਉਤੇ ਲੋਭ ਮੋਹ ਅਹੰਕਾਰ ਆਪਣਾ ਜ਼ੋਰ ਨਹੀਂ ਪਾ ਸਕਦਾ), ਨਾਨਕ ਆਖਦਾ ਹੈ- ਹੇ ਮਨ! ਸੁਣ, ਉਹ ਮਨੁੱਖ (ਸਾਖਿਆਤ) ਪਰਮਾਤਮਾ ਦਾ ਰੂਪ ਹੈ ॥13॥

*****

## **ਸੋਰਠਿ ਮਹਲਾ ੯ ॥**

ਰੇ ਨਰ ਇਹ ਸਾਚੀ ਜੀਅ ਧਾਰਿ ॥ ਸਗਲ ਜਗਤੁ ਹੈ ਜੈਸੇ ਸੁਪਨਾ ਬਿਨਸਤ ਲਗਤ ਨ ਬਾਰ ॥੧॥ ਰਹਾਉ ॥ ਬਾਰੂ ਭੀਤਿ ਬਨਾਈ ਰਚਿ ਪਚਿ ਰਹਤ ਨਹੀ ਦਿਨ ਚਾਰਿ ॥ ਤੈਸੇ ਹੀ ਇਹ ਸੁਖ ਮਾਇਆ ਕੇ ਉਰਝਿਓ ਕਹਾ ਗਵਾਰ ॥੧॥ ਅਜਹੂ ਸਮਝਿ ਕਛੁ ਬਿਗਰਿਓ ਨਾਹਿਨਿ ਭਜਿ ਲੇ ਨਾਮੁ ਮੁਰਾਰਿ ॥ ਕਹੁ ਨਾਨਕ ਨਿਜ ਮਤੁ ਸਾਧਨ ਕਉ ਭਾਖਿਓ ਤੋਹਿ ਪੁਕਾਰਿ ॥੨॥੮॥ -ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 633

**<u>ਅਰਥ:</u>**

ਹੇ ਮਨੁੱਖ! ਆਪਣੇ ਦਿਲ ਵਿਚ ਇਹ ਪੱਕੀ ਗੱਲ ਟਿਕਾ ਲੈ, (ਕਿ) ਸਾਰਾ ਸੰਸਾਰ ਸੁਪਨੇ ਵਰਗਾ ਹੈ, (ਇਸ ਦੇ) ਨਾਸ ਹੁੰਦਿਆਂ ਚਿਰ ਨਹੀਂ ਲੱਗਦਾ।1।ਰਹਾਉ।

ਹੇ ਭਾਈ! ਜਿਵੇਂ ਕਿਸੇ ਨੇ) ਰੇਤ ਦੀ ਕੰਧ ਉਸਾਰ ਕੇ ਪੋਚ ਕੇ ਤਿਆਰ ਕੀਤੀ ਹੋਵੇ; ਪਰ ਉਹ ਕੰਧ ਚਾਰ ਦਿਨ ਭੀ (ਟਿਕੀ) ਨਹੀਂ ਰਹਿੰਦੀ। ਇਸ ਮਾਇਆ ਦੇ ਸੁਖ ਭੀ ਉਸ (ਰੇਤ ਦੀ ਕੰਧ) ਵਰਗੇ ਹੀ ਹਨ। ਹੇ ਮੂਰਖ! ਤੂੰ ਇਨ੍ਹਾਂ ਸੁਖਾਂ ਵਿਚ ਕਿਉਂ ਮਸਤ ਹੋ ਰਿਹਾ ਹੈਂ?।1।

ਹੇ ਭਾਈ! ਅਜੇ ਭੀ ਸਮਝ ਜਾ (ਅਜੇ) ਕੁਝ ਵਿਗੜਿਆ ਨਹੀਂ; ਤੇ ਪਰਮਾਤਮਾ ਦਾ ਨਾਮ ਸਿਮਰਿਆ ਕਰ। ਹੇ ਨਾਨਕ! ਆਖ-(ਹੇ ਭਾਈ!) ਮੈਂ ਤੈਨੂੰ ਗੁਰਮੁਖਾਂ ਦਾ ਇਹ ਨਿਜੀ ਖ਼ਿਆਲ ਪੁਕਾਰ ਕੇ ਸੁਣਾ ਰਿਹਾ ਹਾਂ।2।8।

*****

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥
ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥੨੫॥

**ਅਰਥ:**

ਹੇ ਨਾਨਕ! ਆਖ– ਹੇ ਮਿੱਤਰ! ਸੁਣ, ਜਿਵੇਂ ਪਾਣੀ ਤੋਂ ਬੁਲਬੁਲਾ ਸਦਾ ਪੈਦਾ ਹੁੰਦਾ ਅਤੇ ਨਾਸ ਹੁੰਦਾ ਰਹਿੰਦਾ ਹੈ, ਤਿਵੇਂ ਹੀ (ਪਰਮਾਤਮਾ ਨੇ) ਜਗਤ ਦੀ (ਇਹ) ਖੇਡ ਬਣਾਈ ਹੋਈ ਹੈ ।25।

*****

ਝੂਠੈ ਮਾਨੁ ਕਹਾ ਕਰੈ ਜਗੁ ਸੁਪਨੇ ਜਿਉ ਜਾਨੁ ॥
ਇਨ ਮੈ ਕਛੁ ਤੇਰੋ ਨਹੀ ਨਾਨਕ ਕਹਿਓ ਬਖਾਨਿ ॥੪੧॥

**ਅਰਥ:**

ਹੇ ਭਾਈ! (ਪਤਾ ਨਹੀਂ ਮਨੁੱਖ) ਨਾਸਵੰਤ ਦੁਨੀਆ ਦਾ ਮਾਨ ਕਿਉਂ ਕਰਦਾ ਰਹਿੰਦਾ ਹੈ। ਹੇ ਭਾਈ! ਜਗਤ ਨੂੰ ਸੁਪਨੇ (ਵਿਚ ਵੇਖੇ ਪਦਾਰਥਾਂ) ਵਾਂਗ (ਹੀ) ਸਮਝ ਰੱਖ। ਹੇ ਨਾਨਕ! (ਆਖ– ਹੇ ਭਾਈ!) ਮੈਂ ਤੈਨੂੰ ਠੀਕ ਦੱਸ ਰਿਹਾ ਹਾਂ ਕਿ ਇਨ੍ਹਾਂ (ਦਿੱਸਦੇ ਪਦਾਰਥਾਂ) ਵਿਚ ਤੇਰਾ (ਅਸਲ ਸਾਥੀ) ਕੋਈ ਭੀ ਪਦਾਰਥ ਨਹੀਂ ਹੈ ।41।

*****

## ਗਉੜੀ ਮਹਲਾ ੯ ॥

ਮਨ ਰੇ ਕਹਾ ਭਇਓ ਤੈ ਬਉਰਾ ॥ ਅਹਿਨਿਸਿ ਅਉਧ ਘਟੈ ਨਹੀ ਜਾਨੈ ਭਇਓ ਲੋਭ ਸੰਗਿ ਹਉਰਾ ॥੧॥ ਰਹਾਉ ॥ ਜੋ ਤਨੁ ਤੈ ਅਪਨੋ ਕਰਿ ਮਾਨਿਓ ਅਰੁ ਸੁੰਦਰ ਗ੍ਰਿਹ ਨਾਰੀ ॥ ਇਨ ਮੈਂ ਕਛੁ ਤੇਰੋ ਰੇ ਨਾਹਨਿ ਦੇਖੋ ਸੋਚ ਬਿਚਾਰੀ ॥੧॥ ਰਤਨ ਜਨਮੁ ਅਪਨੋ ਤੈ ਹਾਰਿਓ ਗੋਬਿੰਦ ਗਤਿ ਨਹੀ ਜਾਨੀ ॥ ਨਿਮਖ ਨ ਲੀਨ ਭਇਓ ਚਰਨਨ ਸਿੰਉ ਬਿਰਥਾ ਅਉਧ ਸਿਰਾਨੀ ॥੨॥ ਕਹੁ ਨਾਨਕ ਸੋਈ ਨਰੁ ਸੁਖੀਆ ਰਾਮ ਨਾਮ ਗੁਨ ਗਾਵੈ ॥ ਅਉਰ ਸਗਲ ਜਗੁ ਮਾਇਆ ਮੋਹਿਆ ਨਿਰਭੈ ਪਦੁ ਨਹੀ ਪਾਵੈ ॥੩॥੮॥ -ਸ੍ਰੀ ਗੁਰੂ ਗ੍ਰੰਥ ਸਾਹਿਬ- ਅੰਗ ੨੨੦

**ਅਰਥ:**

ਹੇ (ਮੇਰੇ) ਮਨ! ਤੂੰ ਕਿੱਥੇ (ਲੋਭ ਆਦਿਕ ਵਿਚ ਫਸ ਕੇ) ਪਾਗਲ ਹੋ ਰਿਹਾ ਹੈਂ? (ਹੇ ਭਾਈ!) ਦਿਨ ਰਾਤ ਉਮਰ ਘਟਦੀ ਰਹਿੰਦੀ ਹੈ, ਪਰ ਮਨੁੱਖ ਇਹ ਗੱਲ ਸਮਝਦਾ ਨਹੀਂ ਤੇ ਲੋਭ ਵਿਚ ਫਸ ਕੇ ਕਮਜ਼ੋਰ ਆਤਮਕ ਜੀਵਨ ਵਾਲਾ ਬਣਦਾ ਜਾਂਦਾ ਹੈ ॥1॥ ਰਹਾਉ॥

ਹੇ (ਮੇਰੇ) ਮਨ! ਜੇਹੜਾ (ਇਹ) ਸਰੀਰ ਤੂੰ ਆਪਣਾ ਕਰ ਕੇ ਸਮਝ ਰਿਹਾ ਹੈਂ ਅਤੇ ਘਰ ਦੀ ਸੁੰਦਰ ਇਸਤ੍ਰੀ ਨੂੰ ਆਪਣੀ ਮੰਨ ਰਿਹਾ ਹੈਂ, ਇਨ੍ਹਾਂ ਵਿਚੋਂ ਕੋਈ ਭੀ ਤੇਰਾ (ਸਦਾ ਨਿਭਣ ਵਾਲਾ ਸਾਥੀ) ਨਹੀਂ ਹੈ, ਸੋਚ ਕੇ ਵੇਖ ਲੈ, ਵਿਚਾਰ ਕੇ ਵੇਖ ਲੈ ॥1॥

ਹੇ (ਮੇਰੇ) ਮਨ! ਜਿਵੇਂ ਜੁਆਰੀਆ ਜੂਏ ਵਿਚ ਬਾਜ਼ੀ ਹਾਰਦਾ ਹੈ, ਤਿਵੇਂ) ਤੂੰ ਆਪਣਾ ਕੀਮਤੀ ਮਨੁੱਖਾ ਜਨਮ ਹਾਰ ਰਿਹਾ ਹੈਂ, ਕਿਉਂਕਿ ਤੂੰ ਪਰਮਾਤਮਾ ਨਾਲ ਮਿਲਾਪ ਦੀ ਅਵਸਥਾ ਦੀ ਕਦਰ ਨਹੀਂ ਪਾਈ। ਤੂੰ ਰਤਾ ਭਰ ਸਮੇ ਲਈ ਭੀ ਗੋਬਿੰਦ-ਪ੍ਰਭੂ ਦੇ ਚਰਨਾਂ ਵਿਚ ਨਹੀਂ ਜੁੜਦਾ, ਤੂੰ ਵਿਅਰਥ ਉਮਰ ਗੁਜ਼ਾਰ ਰਿਹਾ ਹੈਂ ॥2॥

ਨਾਨਕ ਆਖਦਾ ਹੈ- ਉਹੀ ਮਨੁੱਖ ਸੁਖੀ ਜੀਵਨ ਵਾਲਾ ਹੈ ਜੋ ਪਰਮਾਤਮਾ ਦਾ ਨਾਮ (ਜਪਦਾ ਹੈ, ਜੋ) ਪਰਮਾਤਮਾ ਦੇ ਗੁਣ ਗਾਂਦਾ ਹੈ। ਬਾਕੀ ਦਾ ਸਾਰਾ ਜਹਾਨ (ਜੇਹੜਾ) ਮਾਇਆ ਦੇ ਮੋਹ ਵਿਚ ਫਸਿਆ ਰਹਿੰਦਾ ਹੈ (ਉਹ ਸਹਿਮਿਆ ਰਹਿੰਦਾ ਹੈ, ਉਹ) ਉਸ ਆਤਮਕ ਅਵਸਥਾ ਉਤੇ ਨਹੀਂ ਪਹੁੰਚਦਾ, ਜਿਥੇ ਕੋਈ ਡਰ ਪੋਹ ਨਹੀਂ ਸਕਦਾ ॥3॥8॥

*****

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥੪੬॥

**ਅਰਥ:**

(ਪਰਮਾਤਮਾ ਦਾ ਭਜਨ ਛੱਡ ਕੇ ਮਨੁੱਖ) ਤੀਰਥ-ਇਸ਼ਨਾਨ ਕਰ ਕੇ ਵਰਤ ਰੱਖ ਕੇ, ਦਾਨ-ਪੁੰਨ ਕਰ ਕੇ (ਆਪਣੇ) ਮਨ ਵਿਚ ਅਹੰਕਾਰ ਕਰਦਾ ਹੈ (ਕਿ ਮੈਂ ਧਰਮੀ ਬਣ ਗਿਆ ਹਾਂ) (ਪਰ) ਹੇ ਨਾਨਕ! ਉਸ ਦੇ (ਇਹ ਸਾਰੇ ਕੀਤੇ ਹੋਏ ਕਰਮ ਇਉਂ) ਵਿਅਰਥ (ਚਲੇ ਜਾਂਦੇ ਹਨ) ਜਿਵੇਂ ਹਾਥੀ ਦਾ (ਕੀਤਾ ਹੋਇਆ) ਇਸ਼ਨਾਨ ॥ (ਨੋਟ: ਹਾਥੀ ਨਹਾ ਕੇ ਸੁਆਹ ਮਿੱਟੀ ਆਪਣੇ ਉੱਤੇ ਪਾ ਲੈਂਦਾ ਹੈ) ।46।

*****

ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ ॥
ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ ॥੫੫॥

**ਅਰਥ:**

ਹੇ ਨਾਨਕ! ਆਖ- (ਜਦੋਂ ਅੰਤ ਵੇਲੇ) ਸਾਰੇ ਸਾਥੀ ਸੰਗੀ ਛੱਡ ਜਾਂਦੇ ਹਨ, ਜਦੋਂ ਕੋਈ ਭੀ ਸਾਥ ਨਹੀਂ ਨਿਬਾਹ ਸਕਦਾ, ਉਸ (ਇਕੱਲੇ-ਪਨ ਦੀ) ਮੁਸੀਬਤ ਵੇਲੇ ਭੀ ਸਿਰਫ਼ ਪਰਮਾਤਮਾ ਦਾ ਹੀ ਸਹਾਰਾ ਹੁੰਦਾ ਹੈ (ਸੋ, ਹੇ ਭਾਈ! ਸਦਾ ਪਰਮਾਤਮਾ ਦਾ ਨਾਮ ਸਿਮਰਿਆ ਕਰੋ) ।55।

*****

# ਸਹਾਇਕ ਪੁਸਤਕ ਸੂਚੀ

**ਪੰਜਾਬੀ ਪੁਸਤਕਾਂ:**


- ਸਤਿਬੀਰ ਸਿੰਘ, *ਇਤਿ ਜਿਨਿ ਕਰੀ*, ਨਿਊ ਬੁੱਕ ਕੰਪਨੀ, ਜਲੰਧਰ, 2004.
- ________________, *ਬਡੋ ਕਲੂ ਮਹਿ ਸਾਕਾ*, ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ, 1975.
- ਸਰੂਪ ਸਿੰਘ ਕੌਸ਼ਿਸ਼, ਭਾਈ, *ਗੁਰੂ ਕੀਆਂ ਸਾਖੀਆਂ*, ਪ੍ਰੋ. ਪਿਆਰਾ ਸਿੰਘ ਪਦਮ (ਸੰਪਾ.), ਗਿਆਨੀ ਗਰਜਾ ਸਿੰਘ, ਕਲਮ ਮੰਦਿਰ, ਲੋਯਰ ਮਾਲ, ਪਟਿਆਲਾ, 1986.
- *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ* (ਭਾਗ 1-4), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2002.
- *ਸ਼ਬਦਾਰਥ ਦਸਮ ਗ੍ਰੰਥ ਸਾਹਿਬ*, ਰਣਧੀਰ ਸਿੰਘ, ਭਾਈ (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995.
- ਸਾਹਿਬ ਸਿੰਘ (ਪ੍ਰੋਫ਼ੈਸਰ), ਬਾਣੀ ਮਹਲਾ ੯ ਸਟੀਕ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2012.
- *ਸ੍ਰੀ ਗੁਰ ਸੋਭਾ*, ਗੰਡਾ ਸਿੰਘ, ਡਾ. (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1980.
- *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜੀਵਨ ਬਿਰਤਾਂਤ*, ਡਾ. ਕਿਰਪਾਲ ਸਿੰਘ (ਸੰਪਾ.), ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਸ੍ਰੀ ਅੰਮ੍ਰਿਤਸਰ, 2017.
- ਸ਼ੀਤਲ, ਸੋਹਣ ਸਿੰਘ, *ਲਾਸਾਨੀ ਸ਼ਹੀਦ ਗੁਰੂ ਤੇਗ਼ ਬਹਾਦਰ ਜੀ*, ਲਾਹੌਰ ਬੁੱਕ

ਸ਼ਾਪ, ਲੁਧਿਆਣਾ, 2005.

- ਸੁਖਦਿਆਲ ਸਿੰਘ (ਡਾ.), *ਗੁਰੂ ਤੇਗ ਬਹਾਦਰ ਮਾਰਗ ਪੰਜਾਬ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997.
- ਸੰਦੀਪ ਸਿੰਘ (ਡਾ.), *ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਅਦੁੱਤੀ ਸ਼ਹਾਦਤ: ਇਤਿਹਾਸਕ ਪਰਿਪੇਖ (ਟ੍ਰੈਕਟ)*, ਪਬਲੀਕੇਸ਼ਨ ਅਤੇ ਖੋਜ ਵਿਭਾਗ, ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ, ਕੁਰੂਕਸ਼ੇਤਰ, 2024.
- ਹਰਿਬੰਸ ਸਿੰਘ (ਗਿਆਨੀ), *ਬਾਣੀ ਗੁਰੂ ਤੇਗ ਬਹਾਦਰ ਜੀ ਸਟੀਕ*, ਗੁਰਬਾਣੀ ਸੇਵਾ ਪ੍ਰਕਾਸ਼ਨ, ਪਟਿਆਲਾ, 2007.
- *ਹੁਕਮਨਾਮੇ*, ਗੰਡਾ ਸਿੰਘ, ਡਾ. (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1967.
- ਗਿਆਨ ਸਿੰਘ (ਗਿਆਨੀ), *ਪੰਥ ਪ੍ਰਕਾਸ਼*, ਭਾਸ਼ਾ ਵਿਭਾਗ, ਪੰਜਾਬ, 2021.
- ________________, *ਗੁਰਧਾਮ ਸੰਗ੍ਰਹਿ*, ਕੇਂਦਰੀ ਸਿੰਘ ਸਭਾ ਅਕੈਡਮੀ, ਚੰਡੀਗੜ੍ਹ, 1997 (ਭੂਮਿਕਾ ਵਿਚੋਂ)।
- ਉਹੀ, *ਤਵਾਰੀਖ ਗੁਰੂ ਖਾਲਸਾ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970.
- *ਗੁਰਬਿਲਾਸ ਪਾਤਸ਼ਾਹੀ ਛੇਵੀਂ*, ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਅਤੇ ਡਾ. ਅਮਰਜੀਤ ਸਿੰਘ (ਸੰਪਾ.), ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਸ੍ਰੀ ਅੰਮ੍ਰਿਤਸਰ, 1998.
- *ਗੁਰੂ ਤੇਗ ਬਹਾਦਰ: ਜੀਵਨ, ਸੰਦੇਸ਼ ਤੇ ਸ਼ਹਾਦਤ*, ਤਾਰਨ ਸਿੰਘ, ਡਾ. (ਸੰਪਾ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997.

- ਜੱਗੀ, ਰਤਨ ਸਿੰਘ (ਡਾ.), *ਸਿੱਖ ਪੰਥ ਵਿਸ਼ਵਕੋਸ਼,* ਭਾਗ ਪਹਿਲਾ ਤੋਂ ਭਾਗ ਚੌਥਾ, ਗ੍ਰੇਸੀਅਸ ਬੁੱਕਸ, ਪਟਿਆਲਾ, 2014.
- __________________, *ਗੁਰੂ ਗ੍ਰੰਥ ਵਿਸ਼ਵਕੋਸ਼,* ਭਾਗ ਪਹਿਲਾ ਅਤੇ ਦੂਜਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.
- ਤਾਰਨ ਸਿੰਘ (ਡਾ.), *ਗੁਰੂ ਤੇਗ ਬਹਾਦਰ: ਜੀਵਨ ਤੇ ਸਿੱਖਿਆ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995.
- ਤਾਰਾ ਸਿੰਘ ਨਰੋਤਮ (ਪੰਡਿਤ), *ਗੁਰ ਤੀਰਥ ਸੰਗ੍ਰਹਿ,* ਸ੍ਰੀ ਨਿਰਮਲ ਪੰਚਾਇਤੀ ਅਖਾੜਾ, ਕਨਖਲ, 1975.
- ਤੇਜਾ ਸਿੰਘ (ਪ੍ਰਿੰ.) ਅਤੇ ਗੰਡਾ ਸਿੰਘ (ਡਾ.), *ਸਿੱਖ ਇਤਿਹਾਸ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003.
- ਧੰਨਾ ਸਿੰਘ ਚਹਿਲ ਪਟਿਆਲਵੀ, *ਗੁਰ ਤੀਰਥ ਸਾਇਕਲ ਯਾਤਰਾ*, ਚੇਤਨ ਸਿੰਘ (ਸੰਪਾ.), ਯੂਰਪੀਅਨ ਪੰਜਾਬੀ ਸੱਥ, ਯੂ.ਕੇ., 2016.
- *ਨਾਨਕ ਪ੍ਰਕਾਸ਼ ਪੱਤ੍ਰਿਕਾ*, ਡਾ. ਤਾਰਨ ਸਿੰਘ (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜੂਨ-ਦਸੰਬਰ 1975.
- ਪਰਮਵੀਰ ਸਿੰਘ (ਡਾ.), *ਗੁਰੂ ਤੇਗ ਬਹਾਦਰ ਜੀ: ਜੀਵਨ, ਮਹਿਮਾ ਅਤੇ ਚਰਨ ਛੋਹ ਅਸਥਾਨ*, ਨਿਰਮਲ ਆਸ਼ਰਮ, ਰਿਸ਼ੀਕੇਸ਼, 2022.
- ਪਿਆਰਾ ਸਿੰਘ ਪਦਮ, *ਤੇਗ ਬਹਾਦਰ ਸਿਮਰਿਐ*, ਕਲਮ ਮੰਦਰ, ਲੋਯਰ ਮਾਲ, ਪਟਿਆਲਾ, 1994.
- ਫੌਜਾ ਸਿੰਘ (ਡਾ.), *ਗੁਰੂ ਤੇਗ ਬਹਾਦਰ, ਯਾਤਰਾ ਅਸਥਾਨ, ਪਰੰਪਰਾਵਾਂ ਤੇ ਯਾਦ ਚਿੰਨ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997.

- *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ*, ਪਿਆਰਾ ਸਿੰਘ ਪਦਮ (ਸੰਪਾ.), ਸਿੰਘ ਬ੍ਰਦਰਜ਼, ਅੰਮ੍ਰਿਤਸਰ, 1997.
- ਬਲਵੀਰ ਸਿੰਘ ਦਿਲ, *ਗੁਰੂ ਤੇਗ ਬਹਾਦਰ: ਜੀਵਨ ਤੇ ਰਚਨਾ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009.
- ਭੰਗੂ, ਰਤਨ ਸਿੰਘ, *ਸ੍ਰੀ ਗੁਰ ਪੰਥ ਪ੍ਰਕਾਸ਼*, ਜੀਤ ਸਿੰਘ ਸ਼ੀਤਲ (ਸੰਪਾ.), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2000.
- ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਭਾਈ ਵੀਰ ਸਿੰਘ (ਸੰਪਾ.), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1990.
- ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2010.
- *ਭਾਈ ਨੰਦ ਲਾਲ ਗ੍ਰੰਥਾਵਲੀ*, ਗੰਡਾ ਸਿੰਘ, ਡਾ. (ਸੰਪਾ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009.
- *ਮਹਿਮਾ ਪ੍ਰਕਾਸ਼*, ਭਾਗ ਦੂਜਾ, ਖੰਡ-2, ਗੋਬਿੰਦ ਸਿੰਘ ਲਾਂਬਾ ਅਤੇ ਖ਼ਜ਼ਾਨ ਸਿੰਘ (ਸੰਪਾ.), ਭਾਸ਼ਾ ਵਿਭਾਗ, ਪੰਜਾਬ, 2021.
- *ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ*, ਖਾਲਸਾ ਸਮਾਚਾਰ, ਸ੍ਰੀ ਅੰਮ੍ਰਿਤਸਰ, 1950.

**ਅੰਗਰੇਜ਼ੀ ਪੁਸਤਕਾਂ:**

- Fauja singh and Gurbachan singh Talib, *Guru Teg Bahadur Martyr and Teacher,* Publication bureau, Punjabi Uni. Patiala, 1992.

- Ishwari Prasad, *A Short History of Muslim Rule in India,* The Indian Press Limited, Allahabad, 1931 AD.
- *Maâsir-i-Âlamgiri,* Sir Jadunath Sarkar (Translater), Royal Asiatic Society of Bengal, Calcutta, 1947 AD.
- Max Arthur Macaulife, *Life of Guru Tegh Bhadur*, Language Department, Punjab, 1997.
- Mir Gholam Hussain Khan, *Siyar-ul-Mutakhreen*, Collacted and Revised by John Briggs, Orientel Translation fund of Great Britain and Ireland, London, 1831 AD.
- Ranbir Singh, *Guru Tegh Bahadur: Divine Poet, Saviour & Martyar*, Chief Khalsa Diwan, Amritsar, 1975.
- Raja Sir Daljeet Singh, *Guru Tegh Bahadur,* Language Department, Punjab, 2022.
- Stanley Lane-Poole*, Rulers of India: Aurangzib*, Printed at the Clarendon Press, Oxford University, 1893 AD.
- Talib, Gurbachan Singh, *Guru Tegh Bahadur: Background and the Supreme sacrifice,* Publication bureau, Punjabi university Patiala, 1999.


*****



ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ ਸਭ ਥਾਈ ਹੋਇ ਸਹਾਇ ।।

-ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਤੇਗ ਬਹਾਦਰ ਧਰਮ ਧੁਜ ਹਰਤਾ ਤੁਰਕਨ ਮੂਲ। ਚਰਨ ਸ਼ਰਨ ਤਾਰਨ ਤਰਨ ਨਮੋ ਹੋਇ ਅਨਕੂਲ ।।

-ਮਹਾਂਕਵੀ ਭਾਈ ਸੰਤੋਖ ਸਿੰਘ

ਜਗ ਹਿੰਦੂ ਧਰੰਮ ਕਹਾਂ ਰਹਿਤੇ,<br>
ਅਰ ਤੱਗ ਤਿਲਕ ਨ ਦੇਖਨ ਪਾਤੇ।<br>
ਤੀਰਥ ਦੇਵ ਸਥਾਨ ਪੁਰਾਨ,<br>
ਸਭੀ ਨਿਗਮਾਗਮ ਭੀ ਉਠਿ ਜਾਤੇ।<br>
ਬਾਂਗ ਨਿਵਾਜ਼ ਕਤੇਬ ਕੁਰਾਨ,<br>
ਮਸੀਤ ਯਹੀ ਸਬ ਹੀ ਜਗ ਛਾਤੇ।<br>
ਗੁਰੂ ਤੇਗ ਬਹਾਦਰ ਹਿੰਦੁਹਿ ਚਾਦਰ,<br>
ਕਾਦਰ ਜੌਂ ਨ ਧਰਾ ਪ੍ਰਗਟਾਤੇ ।।੧੯ ।।

-ਗਿਆਨੀ ਗਿਆਨ ਸਿੰਘ

ਪ੍ਰਗਟ ਭਏ ਗੁਰ ਤੇਗ ਬਹਾਦਰ।<br>
ਸਗਲ ਸ੍ਰਿਸਟਿ ਪੈ ਢਾਪੀ ਚਾਦਰ।<br>
ਕਰਮ ਧਰਮ ਕੀ ਜਿਨਿ ਪਤਿ ਰਾਖੀ।<br>
ਅਟਲ ਕਰੀ ਕਲਜੁਗ ਮੈ ਸਾਖੀ।<br>
ਸਗਲ ਸ੍ਰਿਸਟਿ ਜਾ ਕਾ ਜਸ ਭਯੋ।<br>
ਜਿਹ ਤੇ ਸਰਬ ਧਰਮ ਬੰਚਯੋ।<br>
ਤੀਨ ਲੋਕ ਮੈ ਜੈ ਜੈ ਭਈ।<br>
ਸਤਿਗੁਰ ਪੈਜ ਰਾਖਿ ਇਮ ਲਈ।<br>
ਤਿਲਕ ਜਨੇਊ ਅਰ ਧਰਮਸਾਲਾ।<br>
ਅਟਲ ਕਰੀ ਗੁਰ ਭਏ ਦਿਆਲਾ।<br>
ਧਰਮ ਹੇਤਿ ਪ੍ਰਭ ਪੁਰਹਿ ਸਿਧਾਏ।<br>
ਗੁਰੂ ਗੋਬਿੰਦ ਸਿੰਘ ਕਹਿਲਾਏ।

-ਕਵੀ ਸੈਨਾਪਤਿ

HARYANA SIKH GURDWARA MANAGEMENT COMMITTEE

ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

ISBN 978-81-983083-5-1

ਭੇਟਾ:120/–